# “ਅਨਿਆਂਕਾਰੀ ਰਾਜ ਪ੍ਰਬੰਧ ਵਿਚ ਨਿਆਂ-ਪਸੰਦਾਂ ਦੀ ਯੋਗ ਥਾਂ ਕੈਦਖਾਨਾ”



## ਭਾਈ ਦਲਜੀਤ ਸਿੰਘ ਬਿੱਟੂ ਤੇ ਸਾਥੀਆਂ ਦੀ ਗ੍ਰਿਫਤਾਰੀ ਸਬੰਧੀ ਵਿਸ਼ੇਸ਼ ਰਿਪੋਰਟ

ਅਮਰੀਕੀ ਵਿਦਵਾਨ ਥੋਰੋ ਨੇ ਕਿਹਾ ਹੈ ਕਿ “ਅਜਿਹੇ ਰਾਜ ਪ੍ਰਬੰਧ ਹੇਠਾਂ ਜੋ ਕਿਸੇ ਨੂੰ ਅਨਿਆਂਈ ਕੈਦ ਕਰਦਾ ਹੈ, ਇਕ ਨਿਆਂਈ ਪੁਰਸ਼ ਦੀ ਯੋਗ ਥਾਂ ਵੀ ਕੈਦਖਾਨਾ ਹੀ ਹੈ।” ਅੱਜ ਉਸ ਵਿਦਵਾਨ ਦਾ ਕਹਿਣਾ ਭਾਈ ਦਲਜੀਤ ਸਿੰਘ ਬਿੱਟੂ ਦੀ ਗ੍ਰਿਫਤਾਰੀ ਦੇ ਸਬੰਧ ਵਿਚ ਬਿਲਕੁਲ ਢੁੱਕਦਾ ਹੈ। ਦਲਜੀਤ ਸਿੰਘ ਬਿੱਟੂ ਸਿੱਖ ਸੰਘਰਸ਼ ਦਾ ਉਹ ਸਿਧਾਂਤਕ ਪਹਿਰੇਦਾਰ ਹੈ ਜਿਸਨੇ ਵੱਖ ਵੱਖ ਰੂਪਾਂ-ਵੇਸਾਂ ਰਾਹੀਂ ਕੌਮੀ ਸੰਘਰਸ਼ ਜਾਰੀ ਰੱਖਿਆ ਹੈ। ਜਦੋਂ ਹਥਿਆਰਬੰਦ ਸੰਘਰਸ਼ ਦੀ ਗੱਲ ਕਰੀਏ ਤਾਂ ਦਲਜੀਤ ਸਿੰਘ ਬਿੱਟੂ ਤੇ ਉਸਦੇ ਸਾਥੀਆਂ ਵਲੋਂ ਕੀਤੇ ਐਕਸ਼ਨ ਸੁੱਚੇ ਸਿੱਖ ਸਿਧਾਂਤਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਤ ਹੁੰਦੇ ਹਨ ਤੇ ਅੱਜ ਜਦੋਂ ਕੌਮਾਂਤਰੀ ਪੱਧਰ ਉਤੇ ਵੱਖ ਵੱਖ ਸੱਭਿਆਚਾਰਾਂ ਵਲੋਂ ਆਪਣੀ ਹੋਂਦ-ਹਸਤੀ ਬਚਾਈ ਰੱਖਣ ਲਈ ਸਿਆਸੀ ਸੰਘਰਸ਼ ਚੱਲ ਰਹੇ ਹਨ ਤਾਂ ਉਹ ਸਿੱਖ ਸੱਭਿਆਚਾਰ ਵਿਰੋਧੀ ਲੋਕਾਂ ਦੀ ਅੱਖ ਵਿਚ ਸਭ ਤੋਂ ਵਧ ਰੜਕ ਰਿਹਾ ਹੈ। ਉਹ ਨਾ ਤਾਂ ਪਲੀਤ ਹੋ ਚੁੱਕੀ ਅਕਾਲੀ ਸਿਆਸਤ ਦਾ ਹਿੱਸਾ ਬਣਦਾ ਹੈ ਤੇ ਨਾ ਹੀ ਅਖੌਤੀ ਲੋਕਤੰਤਰ ਤੇ ਬਹੁਗਿਣਤੀ ਦੇ ਦਾਬੇ ਹੇਠ ਚੱਲਣ ਵਾਲੇ ਪ੍ਰਬੰਧ ਦਾ ਪੁਰਜ਼ਾ ਬਣਦਾ ਹੈ। ਇਹੀ ਕਾਰਨ ਹੈ ਕਿ ਦਿੱਲੀ ਤਖਤ ਤੇ ਚੰਡੀਗੜ੍ਹ ਉਸਨੂੰ ਜੇਲ੍ਹ ਦੀਆਂ ਸਲਾਖਾਂ ਪਿਛੇ ਹੀ ਵੇਖਣਾ ਚਾਹੁੰਦੇ ਹਨ ਪਰ ਲੰਮੇ ਹਥਿਆਰਬੰਦ ਸੰਘਰਸ਼, ਰੂਪੋਸ਼ੀ ਦੀ ਜ਼ਿੰਦਗੀ ਤੇ ਲੰਮੀ ਕੈਦ ਨੇ ਉਸਨੂੰ ਹੋਰ ਵੀ ਨਿਖਾਰ ਕੇ ਕੌਮੀ ਸੰਘਰਸ਼ ਦਾ ਅਲੰਬਰਦਾਰ ਬਣਾ ਦਿੱਤਾ ਹੈ।

**ਖਾੜਕੂ ਸੰਘਰਸ਼, ਰੂਪੋਸ਼ੀ, ਕੈਦ, ਰਿਹਾਈ, ਸਿਆਸੀ ਸਰਗਰਮੀ ਅਤੇ ਫਿਰ ਗ੍ਰਿਫਤਾਰੀਆਂ:**

ਸਿੱਖ ਕੌਮ ਦੀ ਅਜ਼ਾਦੀ ਲਈ ਲੜੇ ਗਏ ਹਥਿਆਰਬੰਦ ਸੰਘਰਸ਼ ਦੌਰਾਨ 1996 ਵਿਚ ਗ੍ਰਿਫਤਾਰੀ ਤੋਂ ਬਾਅਦ ਭਾਈ ਦਲਜੀਤ ਸਿੰਘ ਨੂੰ ਭਾਰਤੀ ਸਟੇਟ ਵਲੋਂ ਪਾਏ ਗਏ 23 ਕੇਸਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿਚੋਂ 22 ਬਰੀ ਹੋ ਚੁੱਕੇ ਹਨ ਤੇ ਹੁਣ ਇਨ੍ਹਾਂ ਵਿਚੋਂ ਸਿਰਫ ਲੁਧਿਆਣਾ ਦੀ ਡਕੈਤੀ ਵਾਲਾ ਇਕ ਕੇਸ ਹੀ ਲੁਧਿਆਣਾ ਦੀ ਟਾਡਾ ਅਦਾਲਤ ਵਿਚ ਚੱਲ ਰਿਹਾ ਹੈ। ਭਾਵੇਂ ਇਹ ਕੇਸ ਬਰੀ ਹੋ ਗਏ ਪਰ ਇਨ੍ਹਾਂ ਕਰਕੇ ਭਾਈ ਦਲਜੀਤ ਸਿੰਘ ਨੂੰ ਤਕਰੀਬਨ ਦਹਾਕਾ ਭਰ ਜੇਲ੍ਹ ਵਿੱਚ ਕੈਦ ਰੱਖਿਆ ਗਿਆ।

2005 ਵਿਚ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ ਭਾਈ ਦਲਜੀਤ ਸਿੰਘ ਨੇ ਸਿਆਸੀ ਤੇ ਸਮਾਜਕ-ਧਾਰਮਕ ਖੇਤਰ ਵਿਚ ਸਰਗਰਮੀ ਸ਼ੁਰੂ ਕੀਤੀ ਤਾਂ ਸਮੇਂ ਦੀਆਂ ਸਰਕਾਰਾਂ ਨੇ ਭਾਈ ਦਲਜੀਤ ਸਿੰਘ ਉਤੇ ਦੇਸ਼ ਧਰੋਹ (ਧਾਰਾ 124-ਏ) ਸਮੇਤ 153-ਏ, 153-ਬੀ ਅਤੇ 107/151 ਦੇ ਕਈ ਝੂਠੇ ਮੁਕਦਮੇਂ ਦਰਜ਼ ਕੀਤੇ, ਜਿਨ੍ਹਾਂ ਵਿਚ ਭਾਈ ਦਲਜੀਤ ਸਿੰਘ ਨੂੰ ਮੁੜ ਗ੍ਰਿਫਤਾਰ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਸਾਰੇ ਮੁਕਦਮਿਆਂ ਦੀ ਕਾਰਵਾਈ ਦਾ ਮੌਕਾ-ਮੇਲ ਤੇ ਮੁਕਦਮੇਂ ਦਰਜ਼ ਦੇ ਢੰਗ ਤਰੀਕੇ ਸਪੱਸ਼ਟ ਕਰਦੇ ਹਨ ਕਿ ਭਾਈ ਦਲਜੀਤ ਸਿੰਘ ਦੀ ਉਕਤ ਸਰਗਰਮੀ ਕਾਰਨ ਹੀ ਉਨਹਾਂ ਨੂੰ ਮੁੜ ਝੂਠੇ ਮੁਕਦਮਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਦੇਸ਼ ਧਰੋਹ ਦੇ ਮੁਕਦਮੇਂ ਕਾਨੂੰਨ ਦੀ ਦੁਰਵਰਤੋਂ:**

ਪੰਜਾਬ ਵਿਚ ਸਿੱਖ ਆਗੂਆਂ ਖਿਲਾਫ ਧਾਰਾ 124-ਏ (ਦੇਸ਼ ਧਰੋਹ) ਦੀ ਸਰਕਾਰਾਂ ਵੱਲੋਂ ਖੁੱਲ੍ਹੀ ਦੁਰਵਰਤੋਂ ਕੀਤੀ ਜਾਂਦੀ ਹੈ ਤੇ ਭਾਈ ਦਲਜੀਤ ਸਿੰਘ ਦੇ ਕੇਸ ਇਸ ਦੀ ਪ੍ਰਤੱਖ ਮਿਸਾਲ ਹਨ। ਸਾਲ 2006 ਵਿਚ ਬਰਨਾਲਾ ਦੇ ਪਿੰਡਾਂ ਫਤਹਿਗੜ੍ਹ ਛੰਨਾ, ਧੌਲਾ ਤੇ ਸੰਘੇੜਾ ਦੇ ਕਿਸਾਨਾਂ ਦੀ ਜ਼ਮੀਨਾਂ ਸਰਕਾਰੀ ਸ਼ਹਿ ਨਾਲ ਟਰਾਈਡੈਂਟ ਕੰਪਨੀ ਵਲੋਂ ਜ਼ਬਰੀ ਖੋਹਣ ਦਾ ਪੁਰਅਮਨ ਤਰੀਕੇ ਨਾਲ ਵਿਰੋਧ ਕਰਨ 'ਤੇ ਭਾਈ ਦਲਜੀਤ ਸਿੰਘ ਉਤੇ ਦੇਸ਼ ਧਰੋਹ ਦਾ ਮੁਕਦਮਾ ਦਰਜ਼ ਕਰਕੇ ਗ੍ਰਿਫਤਾਰ ਕੀਤਾ ਗਿਆ। ਭਾਵੇਂ ਕਿ ਕਿਸਾਨਾਂ ਨਾਲ ਸਮਝੌਤਾ ਹੋਣ ਪਿਛੋਂ ਇਸ ਮਾਮਲੇ ਨਾਲ ਸਬੰਧਤ ਸਾਰੇ ਕੇਸ ਸਰਕਾਰ ਨੇ ਵਾਪਸ ਲੈ ਲਏ ਸਨ ਪਰ ਕੇਵਲ ਭਾਈ ਦਲਜੀਤ ਸਿੰਘ ਵਾਲਾ ਕੇਸ ਵਾਪਸ ਨਹੀਂ ਲਿਆ ਗਿਆ ਸੀ। ਪਿਛਲੇ ਸਾਲ ਅਦਾਲਤ ਨੇ ਇਸ ਕੇਸ ਨੂੰ ਝੂਠਾ ਕਰਾਰ ਦਿੰਦਿਆਂ ਭਾਈ ਦਲਜੀਤ ਸਿੰਘ ਨੂੰ ਬਰੀ ਕਰ ਦਿੱਤਾ ਹੈ।

ਇਸੇ ਤਰ੍ਹਾਂ 6 ਜੂਨ 2007 ਘੱਲੂਘਾਰੇ ਦਿਹਾੜੇ ਮੌਕੇ ਦਰਜ ਕੀਤਾ ਦੇਸ਼ ਧਰੋਹ ਦਾ ਕੇਸ ਵੀ ਅਦਾਲਤ ਵਲੋਂ ਬਰੀ ਕਰ ਦਿੱਤਾ ਗਿਆ ਹੈ ਤੇ ਸੌਦਾ ਸਾਧ ਵਿਰੁੱਧ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਚੰਡੀਗੜ੍ਹ ਮਾਰਚ ਦੌਰਾਨ ਮਈ 2007 ਵਿਚ ਫਤਹਿਗੜ੍ਹ ਸਾਹਿਬ ਪੁਲਿਸ ਵਲੋਂ ਦਰਜ ਕੀਤਾ ਕੇਸ ਵੀ ਬਰੀ ਹੋਣ ਦੇ ਅਸਾਰ ਹਨ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਕਿਸਾਨਾਂ ਦੀ ਜ਼ਮੀਨ ਜਬਰੀ ਖੋਹਣ ਦਾ ਵਿਰੋਧ ਕਰਨਾ ਤੇ 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਨਾਏ ਜਾਣ ਵਾਲੇ ਦਿਹਾੜੇ ਵਿਚ ਹਾਜ਼ਰੀ ਭਰਨਾ "ਦੇਸ਼ ਧਰੋਹ" ਹੈ? ਕੀ ਇੰਝ ਬਿਨਾ ਕਾਨੂੰਨੀ ਅਧਾਰ ਦੇ ਸਿਆਸੀ ਵਿਰੋਧੀਆਂ ਉੱਤੇ ਝੂਠੇ ਕੇਸ ਦਰਜ਼ ਕਰਕੇ ਪੰਜਾਬ ਵਿਚਲੀਆਂ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਕਾਨੂੰਨ ਦੀ ਦੁਰਵਰਤੋਂ ਨਹੀਂ ਕਰ ਰਹੀਆਂ? ਕੀ ਕਾਨੂੰਨ ਦੀ ਦੁਰਵਰਤੋਂ ਕਰਨੀ ਲੋਕਾਂ ਨਾਲ ਧਰੋਹ ਕਰਨ ਦੇ ਤੁੱਲ ਨਹੀਂ ਹੈ? ਕੀ ਕਿਸੇ ਆਗੂ ਨੂੰ ਸਿਆਸੀ ਸਰਗਰਮੀ ਤੋਂ ਰੋਕਣ ਲਈ ਕਾਨੂੰਨ ਦੀ ਦੁਰਵਰਤੋਂ ਕਰਨੀ ਜਾਇਜ਼ ਠਹਿਰਾਈ ਜਾ ਸਕਦੀ ਹੈ?

**ਗੁਰੂ-ਡੰਮ੍ਹ ਵਿਰੁੱਧ ਸੰਘਰਸ਼: ਪੰਥ ਤੇ ਸਰਕਾਰ ਦੇ ਪੈਂਤੜੇ**

ਅੱਜ ਇਹ ਗੱਲ ਹਰ ਕੋਈ ਮਹਿਸੂਸ ਕਰ ਰਿਹਾ ਹੈ ਕਿ ਗੁਰੂ-ਡੰਮ੍ਹ ਸਿੱਖੀ ਦੇ ਨਰੋਏ ਸਿਧਾਂਤਾਂ ਨੂੰ ਖੋਰਾ ਲਗਾਉਣ ਲਈ ਚੋਖੀ ਸਰਗਰਮੀ ਕਰ ਰਿਹਾ ਹੈ। ਇਸ ਮਕਸਦ ਲਈ ਕੇਂਦਰ ਆਪਣੇ ਸਿੱਖ ਪੰਥ ਵਿਰੋਧੀ ਪੈਂਤੜੇ ਕਰਕੇ ਅਤੇ ਪੰਜਾਬ ਦੀਆਂ ਕਾਂਗਰਸ ਜਾਂ ਅਕਾਲੀ-ਭਾਜਪਾ ਸਰਕਾਰਾਂ ਕੇਂਦਰ ਦੀ ਨੀਤੀ ਤੇ ਵੋਟਾਂ ਦੇ ਸੌੜੇ ਮਨੋਰਥਾਂ ਕਰਕੇ ਡੇਰੇਦਾਰਾਂ ਨੂੰ ਖੁੱਲ੍ਹੀ ਹਿਮਾਇਤ ਦਿੰਦੀਆਂ ਹਨ। ਅਜਿਹੇ ਮੌਕੇ ਭਾਈ ਦਲਜੀਤ ਸਿੰਘ ਬਿੱਟੂ ਨੇ ਦੇਹਧਾਰੀ ਗੁਰੂ ਡੰਮ੍ਹ ਖਿਲਾਫ ਪੰਥ ਦੇ ਫੈਸਲਿਆਂ ਉੱਤੇ ਪੂਰਾ ਤਾਣ ਲਾ ਕੇ ਇਮਾਨਦਾਰੀ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਹੈ ਤੇ ਪਿਛਲੇ ਸਮੇਂ ਵਿਚ ਭਾਈ ਦਲਜੀਤ ਸਿੰਘ ਵੱਲੋਂ ਦਿਨ-ਰਾਤ ਕੀਤੀ ਗਈ ਸਰਗਰਮੀ, ਸ਼ਾਂਤਮਈ ਖਾਲਸਾ ਮਾਰਚਾਂ ਦੀ ਲੜੀ, ਕੋਟਧਰਮੂੰ ਮੋਰਚਾ ਤੇ ਡੇਰਾ ਸਲਾਬਤਪੁਰਾ ਦੀ ਤਾਲਾਬੰਦੀ ਲਈ ਮੋਰਚਾ ਆਦਿ ਕਾਰਵਾਈਆਂ ਇਸ ਦਾ ਮੂੰਹੋਂ-ਬੋਲਦਾ ਸਬੂਤ ਹੈ। ਉਨ੍ਹਾਂ ਇਸ ਅਰਸੇ ਦੌਰਾਨ ਡੇਰਾਵਾਦ ਵਿਰੁੱਧ ਸੰਘਰਸ਼ ਨੂੰ ਲੀਹੋਂ ਲਾਹੁਣ ਦੀਆਂ ਕਈ ਸਰਕਾਰੀ ਨੀਤੀਆਂ ਨਾਕਾਮ ਕੀਤੀਆਂ ਤੇ ਇਸ ਇਮਾਨਦਾਰੀ ਤੇ ਦ੍ਰਿੜਤਾ ਕਾਰਨ ਭਾਈ ਦਲਜੀਤ ਸਿੰਘ ਤੇ ਸਾਥੀ ਪੰਜਾਬ ਦੀ ਅਖੌਤੀ ਪੰਥਕ ਸਰਕਾਰ ਦੀਆਂ ਅੱਖਾਂ ਵਿਚ ਰੋੜਿਆਂ ਵਾਂਙ ਰੜਕ ਰਹੇ ਸਨ।

**ਅਗਸਤ 2009 ਵਿਚ ਮੁੜ ਗ੍ਰਿਫਤਾਰੀ ਤੇ ਲੁਧਿਆਣਾ ਕੇਸ:**

ਇਨ੍ਹਾਂ ਹਾਲਤਾਂ ਵਿਚ ਪੰਜਾਬ ਸਰਕਾਰ ਨੂੰ ਭਾਈ ਦਲਜੀਤ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂਆਂ, ਵਰਕਰਾਂ ਤੇ ਸਮਰਥਕਾਂ ਖਿਲਾਫ ਕਾਰਵਾਈ ਦਾ ਬਹਾਨਾ ਜੁਲਾਈ 2009 ਵਿਚ ਮਾਨਸਾ ਵਿਖੇ ਇਕ ਡੇਰਾ ਪ੍ਰੇਮੀ ਲਿੱਲੀ ਕੁਮਾਰ ਦੇ ਕਤਲ ਕਾਰਨ ਮਿਲ ਗਿਆ। (ਇਸ ਕੇਸ ਵਿਚ ਪੁਲਿਸ ਦੀ ਮਨਘੜੰਤ ਕਹਾਣੀ ਬਾਰੇ ਹੇਠਾਂ ਜਰਾ ਵਿਸਤਾਰ ਵਿਚ ਜ਼ਿਕਰ ਕੀਤਾ ਗਿਆ ਹੈ:

ਪੰਜਾਬ ਸਰਕਾਰ ਦੇ ਇਸ਼ਾਰੇ ਉੱਤੇ ਪੁਲਿਸ ਨੇ ਮੌਕੇ ਦੇ ਗਵਾਹ ਦੇ ਬਿਆਨਾਂ ਦੇ ਉਲਟ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਮਾਨਸਾ ਜਿਲ੍ਹੇ ਦੇ ਵਰਕਰਾਂ ਤੇ ਸਮਰਥਕਾਂ, ਜੋ ਕੋਟਧਰਮੂੰ ਦੇ ਸ਼ਾਤਮਈ ਮੋਰਚੇ ਦੇ ਸਮੇਂ ਤੋਂ ਹੀ ਸਰਕਾਰ ਤੇ ਪੁਲਿਸ ਨੂੰ ਫੁੱਟੀ ਅੱਖ ਨਹੀਂ ਸਨ ਭਾਉਂਦੇ, ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦਾ ਨਾਂ ਇਸ ਕਤਲ ਨਾਲ ਜੋੜ ਦਿੱਤਾ।

ਅਗਲੇ ਮਹੀਨੇ (ਅਗਸਤ 2009) ਵਿਚ ਸੰਘਰਸ਼ਸ਼ੀਲ ਖਾੜਕੂ ਭਾਈ ਬਲਬੀਰ ਸਿੰਘ ਬੀਰਾ ਦੀ ਲੁਧਿਆਣਾ ਦੇ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰੀ ਹੋਈ ਤਾਂ ਪੰਜਾਬ ਪੁਲਿਸ ਨੇ "ਅੱਤਵਾਦ ਨੂੰ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ" ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਤੇ ਬਲਵੀਰ ਸਿੰਘ ਬੀਰੇ ਉਤੇ ਮੁਕੱਦਮਾ ਨੰਬਰ 123 ਦਰਜ ਕੀਤਾ ਗਿਆ। ਇਸ ਗ੍ਰਿਫਤਾਰੀ ਨੂੰ ਅਧਾਰ ਬਣਾ ਕੇ ਪੁਲਿਸ ਨੇ ਭਾਈ ਦਲਜੀਤ ਸਿੰਘ ਤੇ ਪੰਚ ਪ੍ਰਧਾਨੀ ਖਿਲਾਫ ਪਹਿਲਾਂ ਤੋਂ ਸ਼ੁਰੂ ਹੋ ਚੁੱਕੀ ਕਾਰਵਾਈ ਹੋਰ ਤੇਜ਼ ਕਰ ਦਿੱਤੀ।

ਪੁਲਿਸ ਅਨੁਸਾਰ ਬਲਬੀਰ ਸਿੰਘ ਨੇ ਰੇਲਵੇ ਪੁਲਿਸ ਦੀ ਹਿਰਾਸਤ ਵਿਚ ਜਾਣਕਾਰੀ ਦਿਤੀ ਕਿ "ਦਲਜੀਤ ਸਿੰਘ ਬਿੱਟੂ ਨੇ ਅਕਾਲੀ ਦਲ ਪੰਚ ਪ੍ਰਧਾਨੀ ਬਣਾਇਆ ਹੋਇਆ ਹੈ ਜਿਸ ਰਾਹੀਂ ਉਹ 'ਦੇਸ਼ ਦੀ ਏਕਤਾ ਤੇ ਅਖੰਡਤਾ ਤੋੜਨ ਦਾ ਕੰਮ ਕਰਦਾ ਹੈ' ਤੇ ਜੇ ਉਸਨੂੰ ਗ੍ਰਿਫਤਾਰ ਕੀਤਾ ਜਾਵੇ ਜਾਂ ਉਸਦੇ ਘਰ ਤੇ ਦਫਤਰ ਵਿਚ ਰੇਡ ਕੀਤੀ ਜਾਵੇ ਤਾਂ 'ਬਹੁਤ ਸਾਰੀ ਇਤਰਾਜਯੋਗ ਸਮੱਗਰੀ' (ਸ਼ਾਇਦ ਹਥਿਆਰ ਵੀ) ਤੇ 'ਪੈਸਾ ਜੋ ਉਹ ਅੱਤਵਾਦੀ ਕਾਰਵਾਈਆਂ ਲਈ ਵੰਡਦਾ ਹੈ', ਬਰਾਮਦ ਹੋ ਸਕਦਾ ਹੈ"। ਇਸ ਆਧਾਰ ਉਤੇ ਪੁਲਿਸ ਨੇ ਭਾਈ ਦਲਜੀਤ ਸਿੰਘ ਬਿੱਟੂ ਤੇ ਨਾ-ਮਲੂਮ ਵਿਅਕਤੀਆਂ ਖਿਲਾਫ ਠਾਣਾ ਸਰਾਭਾ ਨਗਰ ਵਿਖੇ ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ, 1967 ਦੀ ਧਾਰਾ 13, 15, 17, 18, 18-ਬੀ ਅਧੀਨ ਮੁਕੱਦਮਾ ਨੰਬਰ 131 ਦਰਜ ਕੀਤਾ।

**ਪੁਲਿਸ ਦੇ ਝੂਠੇ ਦਾਅਵੇ ਅਤੇ ਹਕੀਕਤ:**

ਪੁਲਿਸ ਨੇ ਆਪਣੀ ਐਫ. ਆਈ. ਆਰ ਵਿਚ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਭਾਈ ਦਲਜੀਤ ਸਿੰਘ ਦੇ "ਘਰ ਤੇ ਦਫਤਰ ਵਿਚ ਰੇਡ ਕੀਤੀ ਜਾਵੇ ਤਾਂ ਬਹੁਤ ਸਾਰੀ ਇਤਰਾਜਯੋਗ ਸਮੱਗਰੀ (ਸ਼ਾਇਦ ਹਥਿਆਰ ਵੀ) ਤੇ ਪੈਸਾ ਜੋ ਉਹ ਅੱਤਵਾਦੀ ਕਾਰਵਾਈਆਂ ਲਈ ਵੰਡਦਾ ਹੈ" ਬਰਾਮਦ ਹੋ ਸਕਦਾ ਹੈ, ਪਰ ਪੁਲਿਸ ਨੂੰ ਛਾਪਿਆਂ ਵਿਚ ਦਫਤਰ ਦੇ ਕਾਨੂੰਨੀ ਕਾਗਜ਼ਾਤ, ਪ੍ਰੈਸ ਬਿਆਨ, ਅਖਬਾਰੀ ਖਬਰਾਂ ਦੀਆਂ ਕਾਤਰਾਂ, ਪੰਚ ਪ੍ਰਧਾਨੀ ਦੇ ਮਹਾਰਾਜ ਨਗਰ ਲੁਧਿਆਣਾ ਸਥਿਤ ਦਫਤਰ ਦਾ ਕਿਰਾਇਆਨਾਮਾ, ਵੱਖ-ਵੱਖ ਵਿਅਕਤੀਆਂ ਨੂੰ ਭੇਜੇ ਪੈਸੇ ਦੀਆਂ ਬੈਂਕ ਰਸੀਦਾਂ, ਦਫਤਰ ਦੇ ਕੰਪਿਊਟਰ, ਸਿੱਖ ਸ਼ਹਾਦਤ ਦੇ ਉਪ ਸੰਪਾਦਕ ਸ. ਸੇਵਕ ਸਿੰਘ ਦਾ ਲੈਪਟਾਪ, ਪੰਚ ਪ੍ਰਧਾਨੀ ਦੇ ਮੀਡੀਆ ਕਮੇਟੀ ਮੈਂਬਰ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦਾ ਲੈਪਟਾਪ, ਸਿੱਖ ਸ਼ਹਾਦਤ ਦੇ ਰਸਾਲੇ ਅਤੇ ਡਰਾਈਵਿੰਗ ਲਾਈਸੈਂਸ ਆਦਿ ਬਰਾਮਦ ਹੋਏ ਹਨ। ਇਨਹਾਂ ਵਿਚੋਂ ਕੋਈ ਵੀ ਚੀਜ ਗੈਰਕਾਨੂੰਨੀ ਨਹੀਂ ਹੈ ਤੇ ਕਿਸੇ ਵੀ ਕੰਪਿਊਟਰ ਜਾਂ ਲੈਪਟਾਪ ਵਿਚੋਂ ਵੀ ਕੋਈ ਇਤਰਾਜ਼ਯੋਗ ਜਾਣਕਾਰੀ ਨਹੀਂ ਮਿਲੀ।

ਪੁਲਿਸ ਨੇ ਇਤਰਾਜਯੋਗ ਸਮੱਗਰੀ ਦਿਖਾਉਣ ਲਈ ਐਡਵੋਕੇਟ ਮੰਝਪੁਰ ਉਤੇ 'ਦਸਮੇਸ਼ ਰੈਜਮੈਂਟ ਆਫ ਖਾਲਿਸਤਾਨ' ਦੇ ਦੋ ਅਖੌਤੀ ਲੈਟਰਪੈਡ ਆਪਣੇ ਕੋਲੋਂ ਪਾਏ ਹਨ, ਪਰ ਕਾਨੂੰਨ ਦੀ ਪੜਤਾਲ ਕਰਨ ਉੱਤੇ ਪਤਾ ਲੱਗਦਾ ਹੈ ਕਿ ਇਸ ਨਾਂ ਦੀ ਜਥੇਬੰਦੀ ਉੱਤੇ ਵੀ ਭਾਰਤ ਅੰਦਰ ਕੋਈ ਪਾਬੰਦੀ ਨਹੀਂ ਹੈ ਤੇ ਨਾ ਹੀ ਇਹ ਗੈਰਕਾਨੂੰਨੀ ਜਥੇਬੰਦੀ ਐਲਾਨੀ ਗਈ ਹੈ।

ਪੁਲਿਸ ਨੇ ਭਾਈ ਦਲਜੀਤ ਸਿੰਘ ਤੇ ਸਾਥੀਆਂ ਦਾ 17 ਦਿਨਾਂ ਦਾ ਪੁਲਿਸ ਰਿਮਾਂਡ ਲਿਆ ਜੋ ਕਿਸੇ ਵੀ ਸਿਆਸੀ ਆਗੂ ਦੇ ਇੰਨੇ ਲੰਮੇ ਪੁਲਿਸ ਰਿਮਾਂਡ ਵੱਜੋਂ ਆਪਣੇ ਆਪ ਵਿਚ ਇਕ ਮਿਸਾਲ ਹੈ, ਪਰ ਫਿਰ ਵੀ ਪੁਲਿਸ ਕੁਝ ਵੀ ਅਜਿਹਾ ਹਾਸਿਲ ਨਹੀਂ ਕਰ ਸਕੀ ਜਿਸ ਨੂੰ ਗੈਰਕਾਨੂੰਨੀ ਕਿਹਾ ਜਾ ਸਕੇ ਤੇ ਜਿਸ ਦੇ ਦਾਅਵੇ ਪੁਲਿਸ ਨੇ ਐਫ. ਆਈ. ਆਰ ਵਿਚ ਤੇ ਅਦਾਲਤ ਵਿਚ ਰਿਮਾਂਡ ਮੰਗਣ ਸਮੇਂ ਕੀਤੇ

ਸਨ।

ਇਸ ਤੋਂ ਇਲਾਵਾ ਪੁਲਿਸ ਨੇ ਭਾਈ ਦਲਜੀਤ ਸਿੰਘ ਬਿੱਟੂ, ਉਨ੍ਹਾਂ ਦੇ ਡਰਾਈਵਰ ਭਾਈ ਪਲਵਿੰਦਰ ਸਿੰਘ ਸ਼ੁਤਰਾਣਾ, ਐਡਵੋਕੇਟ ਜਸਪਾਲ ਸਿੰਘ ਮੰਝਪੁਰ ਤੇ ਦਫਤਰ ਸੇਵਾਦਾਰ ਭਾਈ ਗੁਰਦੀਪ ਸਿੰਘ ਰਾਜੂ ਦੀ ਗ੍ਰਿਫਤਾਰੀ 27 ਅਗਸਤ ਦੇਰ-ਸ਼ਾਮ ਦੀ ਦਿਖਾਈ ਹੈ ਜਦਕਿ ਹਕੀਕਤ ਇਹ ਹੈ ਕਿ ਦਫਤਰ ਸੇਵਾਦਾਰ ਨੂੰ ਪੁਲਿਸ ਨੇ 26 ਅਗਸਤ ਨੂੰ ਸਵੇਰੇ 1 ਵਜੇ ਹੀ ਘਰੋਂ ਚੁੱਕ ਲਿਆ ਸੀ ਤੇ ਜਸਪਾਲ ਸਿੰਘ ਮੰਝਪੁਰ ਨੂੰ 27 ਅਗਸਤ ਸਵੇਰੇ 11.30 ਵਜੇ ਸਰਕਟ ਹਾਊਸ ਚੌਂਕ ਵਿਚੋਂ ਪਸਤੌਲ ਦੀ ਨੋਕ ਉਤੇ ਚੁੱਕਿਆ ਤੇ ਉਸੇ ਦਿਨ ਭਾਈ ਬਿੱਟੂ ਤੇ ਭਾਈ ਸ਼ੁਤਰਾਣਾ ਨੂੰ ਰਾਤ 8 ਵਜੇ ਭਾਈ ਬਿੱਟੂ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ ਸੀ।

**43 "ਅੱਤਵਾਦੀਆਂ" ਦੇ ਖਾਤਿਆਂ ਦਾ ਸੱਚ:**

ਭਾਈ ਦਲਜੀਤ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਵੱਲੋਂ ਸਨਸਨੀਖੇਜ਼ ਖਬਰਾਂ ਰਾਹੀਂ ਪੰਚ ਪ੍ਰਧਾਨੀ ਵਿਰੁੱਧ ਕੂੜ-ਪ੍ਰਚਾਰ ਦਾ ਦੌਰ ਸ਼ੁਰੂ ਕੀਤਾ ਗਿਆ ਤੇ ਦਾਅਵਾ ਕੀਤਾ ਗਿਆ ਕਿ ਪੁਲਿਸ ਨੂੰ "43 ਅੱਤਵਾਦੀਆਂ ਦੇ ਖਾਤਿਆਂ" ਦਾ ਪਤਾ ਲੱਗਾ ਹੈ ਜਿਨ੍ਹਾਂ ਵਿਚ "ਅੱਤਵਾਦੀ ਕਾਰਵਾਈਆਂ" ਲਈ ਪੈਸੇ ਭੇਜੇ ਗਏ ਸਨ। ਅਸਲ ਵਿਚ ਦਫਤਰ ਵਿਚੋਂ ਮਿਲੀ ਫਾਈਲ ਵਿਚ 43 ਰਸੀਦਾਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਵੱਖ-ਵੱਖ ਵਿਅਕਤੀਆਂ ਨੂੰ ਸੰਬੰਧਤ ਕੰਮਾਂ ਜਾਂ ਮਨੋਰਥਾਂ ਲਈ ਬੈਂਕਾਂ ਰਾਹੀਂ ਪੈਸੇ ਭੇਜੇ ਗਏ ਸਨ।

ਕੀ ਇਹ ਪੈਸੇ ਅੱਤਵਾਦੀ ਕਾਰਵਾਈਆਂ ਲਈ ਸਨ? ਤੇ ਕੀ ਜਿਨ੍ਹਾਂ ਨੂੰ ਇਹ ਪੈਸੇ ਭੇਜੇ ਗਏ ਉਨ੍ਹਾਂ ਨੂੰ ਅੱਤਵਾਦੀ ਕਿਹਾ ਜਾ ਸਕਦਾ ਹੈ? ਇਸ ਦਾ ਫੈਸਲਾ ਪੁਲਿਸ ਚਲਾਨ ਦੀ ਮਿਸਲ ਆਪ ਹੀ ਕਰ ਦਿੰਦੀ ਹੈ, ਆਓ ਵੇਖੀਏ ਕਿਵੇਂ:

ਪੁਲਿਸ ਨੇ ਚਲਾਨ ਵਿਚ ਜੋ ਰਸੀਦਾਂ ਲਗਾਈਆਂ ਹਨ ਉਨ੍ਹਾਂ ਮੁਤਾਬਕ ਕੁਲ 26 (ਨਾ ਕਿ 43) ਖਾਤਿਆਂ ਵਿਚ ਪੈਸੇ ਗਏ ਹਨ। ਜਿਨ੍ਹਾਂ ਵਿਚੋਂ 5 ਵਕੀਲਾਂ; ਐਡਵੋਕੇਟ ਮੋਤੀ ਲਾਲ (ਗੁਜਰਾਤ), ਐਡਵੋਕੇਟ ਰਾਜਵਿੰਦਰ ਸਿੰਘ ਬੈਂਸ (ਚੰਡੀਗੜ੍ਹ), ਐਡਵੋਕੇਟ ਮਨੋਹਰ ਸਿੰਘ (ਜੰਮੂ), ਐਡਵੋਕੇਟ ਵਿਜੇ ਜਿੰਦਲ (ਚੰਡੀਗੜ੍ਹ) ਤੇ ਐਡਵੋਕੇਟ ਸਾਹਿਬ ਸਿੰਘ (ਹੁਸ਼ਿਆਰਪੁਰ) ਨੂੰ ਪੈਸੇ ਭੇਜੇ ਗਏ ਹਨ। ਅਖਬਾਰਾਂ ਤੇ ਮੀਡੀਆ ਨਾਲ ਸਬੰਧਤ ਬਲਜਿੰਦਰਪਾਲ ਸਿੰਘ ਪੱਤਰਕਾਰ 'ਅਜੀਤ' (ਹੁਸ਼ਿਆਰਪੁਰ), ਤਰਸੇਮ ਦੀਵਾਨਾ ਪੱਤਰਕਾਰ 'ਨਵਾਂ ਜ਼ਮਾਨਾ' (ਹੁਸ਼ਿਆਰਪੁਰ), ਜੋਗਿੰਦਰ ਅੰਗੁਰਲਾ ਸੰਪਾਦਕ 'ਸੱਚ ਦੀ ਪਟਾਰੀ', ਗੁਰਤੇਜ ਤੇਜੀ ਪੱਤਰਕਾਰ ਵੈੱਬਸਾਈਟ 'ਪੰਜਾਬ ਲਾਈਵ ਟੀ.ਵੀ. ਡਾਟ ਕਾਮ' ਨੂੰ ਪੈਸੇ ਭੇਜੇ ਗਏ ਹਨ। ਇਸ ਤੋਂ ਇਲਾਵਾ ਬੂੰਦੀ ਜੇਲ੍ਹ ਵਿਚ ਨਜ਼ਰਬੰਦ ਇਕ ਸਿੰਘ ਦੀ ਪੈਰਵਾਈ ਲਈ ਉਸਦੇ ਅਪੰਗ ਸਪੁੱਤਰ ਨੂੰ ਮਦਦ ਭੇਜੀ ਗਈ ਤੇ ਨਾਭੇ ਜੇਲ੍ਹ ਵਿਚ ਨਜ਼ਰਬੰਦ ਇਕ ਸਿੰਘ ਦੀ ਪਤਨੀ ਨੂੰ ਬੱਚਿਆਂ ਦੀ ਫੀਸ ਲਈ ਰਾਸ਼ੀ ਭੇਜੀ ਗਈ।

ਪੁਲਿਸ ਨੇ ਪਾਰਟੀ ਦੇ ਬੈਂਕ ਖਾਤੇ ਦੀਆਂ ਰਸੀਦਾਂ ਵੀ ਲਗਾਈਆਂ ਹਨ, ਜਿਸ ਵਿਚ ਪੰਚ ਪ੍ਰਧਾਨੀ ਦੇ ਵਰਕਰਾਂ/ਆਹੁਦੇਦਾਰਾਂ ਨੂੰ ਵੱਖ-ਵੱਖ ਸਮਾਗਮ ਮਨਾਉਂਣ, ਜਿਵੇਂ ਵਿਸਾਖੀ ਆਦਿ ਦਿਹਾੜਿਆਂ ਉੱਤੇ ਪੰਥਕ ਕਾਨਫਰੰਸ ਦੇ ਖਰਚ ਲਈ ਭੇਜੀ ਮਾਇਆ ਦੀਆਂ ਰਸੀਦਾਂ ਹਨ।

ਇਨ੍ਹਾਂ ਖਾਤਿਆਂ ਦੀਆਂ ਕੇਵਲ ਰਸੀਦਾਂ ਹੀ ਚਲਾਨ ਵਿਚ ਲਗਾਈਆਂ ਗਈਆਂ ਹਨ ਅਤੇ ਪੁਲਿਸ ਚਲਾਨ ਮੁਤਾਬਕ ਤਫਤੀਸ਼ ਅਜੇ ਬਾਕੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਸ ਬਾਰੇ "ਛੇਤੀ ਹੀ" (ਡੇਢ ਸਾਲ ਤੋਂ ਉੱਤੇ ਬੀਤ ਚੁੱਕਾ ਹੈ) ਵਧੀਕ ਚਲਾਨ ਦਿੱਤਾ ਜਾਵੇਗਾ। ਹਾਲ ਦੀ ਘੜੀ ਜਿਨ੍ਹਾਂ ਪੰਜ ਖਾਤਿਆਂ ਦਾ ਵਿਸਥਾਰ ਚਲਾਨ ਵਿਚ ਦਿੱਤਾ ਗਿਆ ਹੈ ਉਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

- ਨਾਭਾ ਜੇਲ੍ਹ ਵਿਚ ਕੈਦ ਭਾਈ ਲਾਲ ਸਿੰਘ ਪਿੰਡ ਅਕਾਲਗੜ੍ਹ, ਜ਼ਿਲ੍ਹਾ ਕਪੂਰਥਲਾ ਦੀ ਰਿਹਾਈ ਲਈ ਗੁਜਰਾਤ ਹਾਈਕੋਰਟ ਦੇ ਵਕੀਲ ਮੋਤੀ ਲਾਲ ਨੂੰ 25,000/- ਰੁਪਏ ਭੇਜੇ ਗਏ।
- ਬੂੰਦੀ ਜੇਲ੍ਹ (ਰਾਜਸਥਾਨ) ਵਿਚ ਬੰਦ ਗੁਰਮੀਤ ਸਿੰਘ ਦੇ ਅਪੰਗ ਪੁੱਤਰ ਚਰਨਜੀਤ ਸਿੰਘ ਦੀ ਮਦਦ ਲਈ 14000/- ਰੁਪਏ ਭੇਜੇ ਗਏ।
- ਜੰਮੂ ਜੇਲ੍ਹ ਵਿਚ ਬੰਦ ਬਰਨਾਲੇ ਦੇ ਤਿੰਨ ਸਿੱਖਾਂ ਦੀ ਕਾਨੂੰਨੀ ਪੈਰਵਾਈ ਲਈ ਐਡਵੋਕੇਟ ਮਨੋਹਰ ਸਿੰਘ ਨੂੰ 10000/- ਰੁਪਏ ਫੀਸ ਭੇਜੀ।
- ਨਾਭਾ ਜੇਲ੍ਹ ਵਿਚ ਨਜ਼ਰਬੰਦ ਭਾਈ ਸੰਦੀਪ ਸਿੰਘ ਬਾਲਾ ਕੁਲੀਆਂ (ਦਸੂਹਾ) ਦੀ ਧਰਮ ਪਤਨੀ ਨੂੰ 3000/- ਰੁਪਏ ਦੇਣੇ।
- ਅਕਾਲੀ ਦਲ ਪੰਚ ਪ੍ਰਧਾਨੀ ਦੇ ਜਨਰਲ ਸਕੱਤਰ ਪ੍ਰੋ. ਗੁਰਵੀਰ ਸਿੰਘ ਨੂੰ ਵੱਖ-ਵੱਖ ਸਮਿਆਂ ਉਤੇ 1,40,000/- ਰੁਪਏ ਭੇਜੇ ਗਏ। ਇਸ ਵਿਚੋਂ ਵਿਚੋਂ 60,000/- ਰੁਪਏ ਪਿੰਡ ਬੋਹਾ (ਮਾਨਸਾ) ਦੀ ਸ਼ਹੀਦ ਸਿੰਘਾਂ ਦੀ ਮਾਤਾ ਦੇ ਇਲਾਜ਼ (ਅਪਰੇਸ਼ਨ) ਦੇ ਖਰਚ ਲਈ ਦਿੱਤੇ ਗਏ ਸਨ ਤੇ ਬਾਕੀ 80,000 ਰੁਪਏ ਅਕਾਲੀ ਦਲ ਪੰਚ ਪ੍ਰਧਾਨੀ ਵਲੋਂ ਤਲਵੰਡੀ ਸਾਬੋ ਵਿਖੇ ਕੀਤੀ ਕਾਨਫਰੰਸ, ਤੇ ਡੇਰਾ ਸਲਾਬਤਪੁਰਾ ਦੀ ਤਾਲਾਬੰਦੀ ਲਈ ਚੱਲੇ ਮੋਰਚੇ ਤੇ 2008 ਵਿਚ ਮਾਨਸਾ ਵਿਚ ਚੱਲੇ ਮੋਰਚੇ ਦੇ ਖਰਚਿਆਂ ਲਈ ਭੇਜੇ ਗਏ ਸਨ।

**ਇਸ ਵਿਚ ਗੈਰ ਕਾਨੂੰਨੀ ਕੀ ਹੈ?:**

ਹੈਰਾਨੀ ਦੀ ਗੱਲ ਹੈ ਕਿ ਪੰਜਾਬ ਪੁਲਿਸ ਉਕਤ ਖਾਤਿਆਂ ਵਿਚ ਹੋਏ ਉਪਰੋਕਤ ਲੈਣ-ਦੇਣ ਨੂੰ ਗੈਰਕਾਨੂੰਨੀ ਦੱਸ ਰਹੀ ਹੈ ਤੇ ਪੁਲਿਸ ਦੇ ਇਸ ਦੋਸ਼ ਦੀ ਪੜਤਾਲ ਕਰਨੀ ਬਣਦੀ ਹੈ। ਜਦੋਂ ਉਪਰੋਕਤ ਖਾਤਿਆਂ ਦੇ ਸਾਰੇ ਖਾਤੇਦਾਰ ਕਾਨੂੰਨੀ ਹਨ ਤਾਂ ਇਸ ਵਿਚ ਪੈਸੇ ਭੇਜਣਾ ਗੈਰਕਾਨੂੰਨੀ ਕਿਵੇਂ ਹੈ? ਕੀ ਗਰੀਬ ਤੇ ਆਰਥਿਕ ਤੌਰ 'ਤੇ ਟੁੱਟੇ ਵਿਅਕਤੀਆਂ ਦੀ ਮਦਦ ਕਰਨੀ, ਪਾਰਟੀ ਕਾਰਵਾਈਆਂ ਲਈ ਖਰਚ ਕਰਨ, ਅਖਬਾਰਾਂ ਵਿਚ ਇਸ਼ਤਿਹਾਰ ਦੇਣ, ਵਕੀਲਾਂ ਦੀਆਂ ਫੀਸਾਂ ਦੇਣ, ਨਜ਼ਰਬੰਦ ਸਿੱਖਾਂ ਦੇ ਬੱਚਿਆਂ ਦੇ ਸਕੂਲ ਦੀ ਫੀਸ ਭਰਨ ਨੂੰ ਗੈਰਕਾਨੂੰਨੀ ਕਾਰਵਾਈਆਂ ਕਿਹਾ ਜਾ ਸਕਦਾ ਹੈ? ਫਿਰ ਪੰਜਾਬ ਪੁਲਿਸ ਤੇ ਅਖਬਾਰਾਂ ਵਾਲਿਆਂ ਨੂੰ "43 ਅੱਤਵਾਦੀਆਂ ਦੇ ਖਾਤਿਆਂ ਦਾ ਪਤਾ ਲੱਗਾ ਹੈ" ਜਿਹੀਆਂ ਮਨਘੜਤ ਕਹਾਣੀਆਂ ਘੜਣ ਤੇ ਛਾਪਣ ਦਾ ਹੱਕ ਕਿਸ ਨੇ ਦੇ ਦਿੱਤਾ?

**ਪੰਜਾਬ ਪੁਲਿਸ ਦਾ ਅਨੋਖਾ ਹਿਸਾਬ ਕਿਤਾਬ:**

ਪੰਜਾਬ ਪੁਲਿਸ ਦਾ ਹਿਸਾਬ-ਕਿਤਾਬ ਵੀ ਉਸਦੇ ਦਾਅਵਿਆਂ ਵਾਂਙ ਅਨੋਖਾ ਹੀ ਹੈ। ਪੁਲਿਸ ਨੇ ਪਹਿਲਾਂ ਵੱਖ ਵੱਖ ਖਾਤਿਆਂ ਦੀ ਕੁੱਲ ਰਕਮ ਦਾ ਹਿਸਾਬ 10,42,000/- ਰੁਪਏ ਲਗਾਇਆ ਸੀ, ਜੋ ਬਾਅਦ ਵਿਚ ਘਟ ਕੇ 10,25,000/- ਰੁਪਏ ਰਹਿ ਗਿਆ ਤੇ ਫਿਰ ਚਲਾਨ ਪੇਸ਼ ਹੁੰਦਿਆਂ-ਹੁੰਦਿਆਂ ਇਹ ਰਕਮ ਘਟ ਕੇ 7,06600/- ਰੁਪਏ ਹੀ ਰਹਿ ਗਈ। ਇਹ ਫਰਕ ਸਾਫ ਕਰਦਾ ਹੈ ਕਿ ਪੁਲਿਸ ਨੇ ਅਜਿਹਾ ਆਪਣੀ ਕਹਾਣੀ ਵਿਚਲੀ ਪੋਲ ਨੂੰ ਲੁਕਾਉਣ ਲਈ ਕੀਤਾ ਹੋਵੇਗਾ, ਜੋ ਫਿਰ ਵੀ ਨਹੀਂ ਲੁਕੀ। ਰਕਮ ਦੇ ਫਰਕ ਦਾ ਇਕ ਕਾਰਨ ਇਹ ਹੈ ਕਿ ਬੈਂਕਾਂ ਦੀਆਂ ਰਸੀਦਾਂ ਵਿਚ ਅਖਬਾਰਾਂ ਦੇ ਖਾਸ ਪ੍ਰਤੀਨਿਧਾਂ ਨੂੰ ਭੇਜੀ ਵੀ ਸ਼ਾਮਿਲ ਸੀ ਜਿਸ ਨੂੰ ਪੁਲਿਸ ਨੇ ਮੀਡੀਏ ਦੇ ਡਰ ਸਦਕਾ ਚਲਾਨ ਪੇਸ਼ ਕਰਨ ਮੌਕੇ ਛੱਡ ਦਿੱਤਾ। ਇਨ੍ਹਾਂ ਰਸੀਦਾਂ ਵਿਚ ਅਜੀਤ ਦੇ ਸੀਨੀਅਰ ਪੱਤਰਕਾਰ ਸ. ਐਚ. ਐਸ. ਬਾਵਾ ਤੇ ਜਗਬਾਣੀ ਦੇ ਸੀਨੀਅਰ ਪੱਤਰਕਾਰ ਮਹਿੰਦਰ ਸਿੰਘ ਚਾਵਲਾ ਵੀ ਸ਼ਾਮਲ ਸਨ। ਪਰ ਸਵਾਲ ਇਹ ਹੈ ਕਿ ਪੁਲਿਸ ਹੁਣ "43 ਅੱਤਵਾਦੀਆਂ" ਦੀ ਗਿਣਤੀ ਕਿਵੇਂ ਪੂਰੀ ਕਰੇਗੀ, ਜਿਸ ਦਾ ਦਾਅਵਾ ਸੀਨੀਅਰ ਪੁਲਿਸ ਅਫਸਰਾਂ ਬੜੀ ਹਿੱਕ ਠੋਕ ਕੇ ਕੀਤਾ ਸੀ। ਸੱਚ ਹੀ ਹੈ ਕਿ ਝੂਠ ਦੇ ਪੈਰ ਨਹੀਂ ਹੁੰਦੇ।

ਇਸ ਤੋਂ ਇਲਾਵਾ ਪੁਲਿਸ ਵਲੋਂ ਪੇਸ਼ ਕੀਤੇ ਚਲਾਨ ਵਿਚ ਵੀ ਇਹ ਫੋਕਾ ਦਾਅਵਾ ਕੀਤਾ ਗਿਆ ਹੈ ਕਿ ਦਲਜੀਤ ਸਿੰਘ ਬਿੱਟੂ ਕੋਲ ਵਿਦੇਸ਼ਾਂ ਵਿਚੋਂ ਕਰੋੜਾਂ ਰੁਪਏ ਆਉਂਦੇ ਹਨ। ਪਰ ਇਸ ਆਉਣ ਵਾਲੇ ਪੈਸੇ ਸਬੰਧੀ ਰਸੀਦਾਂ ਸਿਰਫ ਦਸ ਹੀ ਹਨ ਜਿਸਦਾ ਕੁੱਲ ਜੋੜ 3,19,156/- ਰੁਪਏ ਬਣਦਾ ਹੈ। ਪੁਲਿਸ ਵੱਲੋਂ ਚਲਾਨ ਨਾਲ ਲਗਾਈਆਂ ਇਨ੍ਹਾਂ 10 ਰਸੀਦਾਂ ਵਿਚੋਂ 8 ਜਸਪਾਲ ਸਿੰਘ ਮੰਝਪੁਰ ਦੇ ਨਾਂ ਉਤੇ ਹਨ ਤੇ 2 ਗੁਰਦੀਪ ਸਿੰਘ ਰਾਜੂ ਦੇ ਨਾਂ ਉਤੇ ਹਨ। 5 ਰਸੀਦਾਂ ਵੈਸਟਰਨ ਯੂਨੀਅਨ ਮਨੀ ਟ੍ਰਾਂਸਫਰ ਤੇ 5 ਮਨੀ ਗ੍ਰਾਮ ਦੀਆਂ ਹਨ। ਇਨ੍ਹਾਂ ਮੁਤਾਬਕ ਜਸਪਾਲ ਸਿੰਘ

ਮੰਝਪੁਰ ਨੇ ਦੋ ਸਾਲਾਂ ਵਿਚ 2,58,782/- ਰੁਪਏ ਵਿਦੇਸ਼ਾਂ ਤੋਂ ਹਾਸਲ ਕੀਤੇ ਹਨ ਤੇ ਗੁਰਦੀਪ ਸਿੰਘ ਰਾਜੂ ਨੇ 60374/- ਰੁਪਏ ਹਾਸਲ ਕੀਤੇ।

ਵੈਸਟਰਨ ਯੂਨੀਅਨ ਮਨੀ ਟ੍ਰਾਂਸਫਰ ਤੇ ਮਨੀ ਗ੍ਰਾਮ ਦੋਵੇਂ ਸੰਸਥਾਵਾਂ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਮਾਨਤਾ ਪ੍ਰਾਪਤ ਸੰਸਥਾਵਾਂ ਹਨ ਤੇ ਨਿਯਮਾਂ ਮੁਤਾਬਕ ਹਰੇਕ ਵਿਅਕਤੀ ਇਕ ਸਾਲ ਵਿਚ 12 ਵਾਰੀਂ ਪੈਸੇ ਵਿਦੇਸ਼ਾਂ ਤੋਂ ਮੰਗਵਾ ਸਕਦਾ ਹੈ ਤੇ ਜੇਕਰ ਇਕ ਵਾਰ ਮੰਗਵਾਈ ਜਾਂਦੀ ਰਕਮ 50000/- ਜਾਂ ਉਸ ਤੋਂ ਵੱਧ ਹੋਵੇ ਤਾਂ ਤੁਹਾਨੂੰ ਚੈੱਕ ਮਿਲੇਗਾ ਜਿਸਨੂੰ ਬੈਂਕ ਖਾਤੇ ਰਾਹੀਂ ਹੀ ਕਢਵਾਇਆ ਜਾ ਸਕਦਾ ਹੈ। ਬੈਂਕ ਵਿਚ ਉਸ ਚੈੱਕ ਨੂੰ ਜਮ੍ਹਾਂ ਕਰਵਾਉਣ ਸਮੇਂ ਪੈਨ ਕਾਰਡ ਨੰਬਰ ਬੈਂਕ ਨੂੰ ਦਿੱਤਾ ਜਾਂਦਾ ਹੈ ਜਿਸ ਦਾ ਹਿਸਾਬ ਆਮਦਨ ਕਰ ਵਿਭਾਗ ਕੋਲ ਜਾਵੇਗਾ ਤੇ ਇਨਕਮ ਟੈਕਸ ਦੀ ਰਿਟਰਨ ਭਰਨ ਸਮੇਂ ਉਸ ਰਾਸ਼ੀ ਉਤੇ ਟੈਕਸ ਦੇਣਾ ਪੈਂਦਾ ਹੈ। ਇਨ੍ਹਾਂ ਏਜੰਸੀਆਂ ਦੇ ਨਿਯਮਾਂ ਮੁਤਾਬਕ ਇਕ ਵਾਰ ਮੰਗਵਾਏ ਜਾਣ ਵਾਲੇ ਰੁਪਏ 2500/- ਅਮਰੀਕੀ ਡਾਲਰ ਤੋਂ ਵੱਧ ਨਹੀਂ ਹੋ ਸਕਦੇ।

ਐਡਵੋਕੇਟ ਮੰਝਪੁਰ ਤੇ ਭਾਈ ਗੁਰਦੀਪ ਸਿੰਘ ਦੀਆਂ ਸਾਰੀਆਂ ਅਦਾਇਗੀਆਂ 50000/- ਤੋਂ ਘੱਟ ਹਨ ਤੇ ਉਨ੍ਹਾਂ ਸਾਰੇ ਨਿਯਮਾਂ ਦੀ ਪੂਰਤੀ ਕਰਦੀਆਂ ਹਨ ਜੋ ਰਿਜ਼ਰਵ ਬੈਂਕ ਆਫ ਇੰਡੀਆ ਨੇ ਦਰਸਾਏ ਹਨ। ਹੁਣ ਇਨ੍ਹਾਂ ਕਾਨੂੰਨੀ ਸੰਸਥਾਵਾਂ ਰਾਹੀਂ ਕਾਨੂੰਨੀ ਨਿਯਮਾਂ ਅਧੀਨ ਮੰਗਵਾਏ ਪੈਸਿਆਂ ਨੂੰ ਪੰਜਾਬ ਪੁਲਿਸ "ਗੈਰਕਾਨੂੰਨੀ ਕਾਰਵਾਈ" ਕਿਵੇਂ ਐਲਾਨ ਰਹੀ ਹੈ?

**ਪੁਲਿਸ ਕੇਸ ਦੀਆਂ ਹੋਰ ਅਹਿਮ ਊਣਤਾਈਆਂ:**

ਇਸ ਕੇਸ ਵਿਚ ਪੇਸ਼ ਕੀਤੇ ਚਲਾਨ ਵਿਚ ਸਭ ਤੋਂ ਵੱਡਾ ਤਕਨੀਕੀ ਨੁਕਸ ਇਹ ਹੈ ਕਿ ਗੈਰਕਾਨੂੰਨੀ ਕਾਰਵਾਈਆ ਰੋਕੂ ਕਾਨੂੰਨ ਮੁਤਾਬਕ ਕੇਸ ਚਲਾਉਣ ਤੋਂ ਪਹਿਲਾਂ ਸਰਕਾਰ ਦੇ ਗ੍ਰਹਿ ਵਿਭਾਗ ਦੀ ਪ੍ਰਵਾਨਗੀ ਜਰੂਰੀ ਹੁੰਦੀ ਹੈ, ਪਰ ਪੰਜਾਬ ਦੇ ਗ੍ਰਹਿ ਵਿਭਾਗ ਦੇ ਅਧੀਨ ਸਕੱਤਰ ਯਸ਼ਪਾਲ ਵਲੋਂ ਇਹ ਪ੍ਰਵਾਨਗੀ ਫੌਜਧਾਰੀ ਜਾਬਤਾ ਕੋਡ ਦੀ ਧਾਰਾ 197 ਅਧੀਨ ਦਿੱਤੀ ਗਈ ਹੈ। ਧਾਰਾ 197 ਤਹਿਤ ਪ੍ਰਵਾਨਗੀ ਉਸ ਹਾਲਤ ਵਿਚ ਦਿੱਤੀ ਜਾਂਦੀ ਹੈ ਜਦੋਂ ਕਿਸੇ ਜੱਜ ਜਾਂ ਸਰਕਾਰੀ ਕਰਮਚਾਰੀ ਵਿਰੁੱਧ ਮੁਕਦਮਾਂ ਚਲਾਉਣਾ ਹੁੰਦਾ ਹੈ। ਕਾਨੂੰਨੀ ਨੁਕਤੇ ਤੋਂ ਇਹ ਬਹੁਤ ਵੱਡੀ ਖਾਮੀ ਹੈ ਜੋ ਤਕਨੀਕੀ ਤੌਰ ਉੱਤੇ ਪੂਰਾ ਮੁਕਦਮਾ ਖਾਰਜ਼ ਕਰਨ ਦਾ ਅਧਾਰ ਮੁਹੱਈਆ ਕਰਦੀ ਹੈ।

ਇਸ ਕੇਸ ਵਿਚ ਇਕ ਵੱਡੀ ਤਰਾਸਦੀ ਦੀ ਗੱਲ ਇਹ ਹੈ ਕਿ ਪੁਲਿਸ ਵੱਲੋਂ ਪੇਸ਼ ਕੀਤੇ ਤਕਰੀਬਨ 700 ਪੰਨਿਆਂ ਦੇ ਚਲਾਨ ਵਿਚ ਭਾਈ ਦਲਜੀਤ ਸਿੰਘ ਬਿੱਟੂ ਦੇ ਡਰਾਈਵਰ ਭਾਈ ਪਲਵਿੰਦਰ ਸਿੰਘ ਸ਼ੁਤਰਾਣਾ ਦੇ ਖਿਲਾਫ ਇਕ ਪੰਨਾ ਵੀ ਨਹੀਂ ਹੈ ਤੇ ਉਨ੍ਹਾਂ ਖਿਲਾਫ ਗ੍ਰਿਫਤਾਰੀ ਤੋਂ ਬਾਅਦ ਇਕ ਵੀ ਗੱਲ ਨਹੀਂ ਲਿਖੀ ਗਈ, ਫਿਰ ਉਨ੍ਹਾਂ ਨੂੰ ਡੇਢ ਸਾਲ ਤੱਕ ਕੈਦ ਰੱਖਿਆ ਗਿਆ।

ਪੁਲਿਸ ਨੇ ਆਪਣੇ ਚਲਾਨ ਰਾਹੀਂ ਭਾਈ ਦਲਜੀਤ ਸਿੰਘ ਤੇ ਸਾਥੀਆਂ ਦੇ ਮੋਬਾਇਲ ਵਿਚੋਂ ਮਿਲੇ ਕੰਪਨੀਆਂ ਦੇ ਮਸ਼ਹੂਰੀਆਂ ਤੇ ਜਾਣਕਾਰੀ ਵਾਲੇ ਸੁਨੇਹਿਆਂ (ਐਸ. ਐਮ. ਐਸ.) ਜਿਵੇਂ ਕਿ ਨਵੇਂ ਸਾਲ ਤੇ ਬੰਦੀ ਛੋੜ ਦਿਹਾੜੇ ਦੀ ਵਧਾਈ, ਬਿੱਲ ਭਰਨ ਦੀ ਆਖਰੀ ਤਰੀਕ ਦੀ ਜਾਣਕਾਰੀ, ਮੋਬਾਇਲ ਕੰਪਨੀ ਵੱਲੋਂ ਨੰਬਰਾਂ ਦੀ ਨਵੀਂ ਸੀਰੀਜ਼ ਸ਼ੁਰੂ ਕਰਨ ਦੀ ਮਸ਼ਹੂਰੀ ਆਦਿ ਨੂੰ ਵੀ "ਗੈਰਕਾਨੂੰਨੀ ਕਾਰਵਾਈਆਂ" ਦੇ ਸਬੂਤ ਵੱਜੋਂ ਅਦਾਲਤ ਵਿਚ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਮੋਬਾਇਲ ਫੋਨਬੁੱਕ ਵਿਚੋਂ ਮਿਲੇ ਸਾਰੇ ਨੰਬਰਾਂ ਨੂੰ ਹੀ "ਸਬੂਤ" ਵਜੋਂ ਚਲਾਨ ਨਾਲ ਨੱਥੀ ਕੀਤਾ ਹੈ। ਹੁਣ ਇਨ੍ਹਾਂ ਤੋਂ ਪੰਜਾਬ ਪੁਲਿਸ ਨੇ ਕਿਸ 'ਗੈਰਕਾਨੂੰਨੀ ਕਾਰਵਾਈ' ਦਾ ਪਤਾ ਲਗਾ ਲਿਆ ਹੈ, ਇਹ ਗੱਲ ਸਮਝ ਤੋਂ ਬਾਹਰੀ ਹੈ।

**ਨਵੇਂ ਤੇ ਨਿਰਅਧਾਰ ਮੁਕਦਮੇਂ:**

ਪੰਜਾਬ ਪੁਲਿਸ ਨੇ ਸਰਕਾਰ ਦੇ ਦਿਸ਼ਾ ਨਿਰਦੇਸ਼ ਅਧੀਨ ਭਾਈ ਦਲਜੀਤ ਸਿੰਘ ਦੀ ਗ੍ਰਿਫਤਾਰੀ ਨੂੰ 'ਅੱਤਵਾਦ ਨੂੰ ਸੁਰਜੀਤ ਕਰਨ ਦੀ ਕੋਸ਼ਿਸ਼ ਨਾਕਾਮ ਕਰਨ' ਦਾ ਨਾਂ ਦਿੱਤਾ ਸੀ, ਇਸ ਲਈ ਰੌਲੇ-ਰੱਪੇ ਨੂੰ ਸਹੀ ਦਿਖਾਉਣ ਭਾਈ ਦਲਜੀਤ ਸਿੰਘ ਦਾ ਨਾਂ ਵੱਖ-ਵੱਖ ਕੇਸਾਂ ਵਿੱਚ ਜੋੜਿਆ ਗਿਆ ਹੈ ਤੇ ਕਈ ਨਵੇਂ ਕੇਸ ਘੜ੍ਹੇ ਗਏ ਹਨ।

**ਰੋਪੜ ਕੇਸ:** ਰੋਪੜ ਪੁਲਿਸ ਵਲੋਂ ਜੇਲ੍ਹ ਵਿੱਚ ਨਜ਼ਰਬੰਦ ਭਾਈ ਦਲਜੀਤ ਸਿੰਘ ਦਾ ਨਾਂ ਦਸੰਬਰ 2009 ਵਿਚ ਇਕ ਹੋਰ ਮੁਕਦਮੇ ਨਾਲ ਜੋੜ ਦਿਤਾ ਗਿਆ, ਜਿਸ ਦੇ ਚਲਾਨ ਵਿਚ ਪਹਿਲਾਂ ਭਾਈ ਦਲਜੀਤ ਸਿੰਘ ਦਾ ਜ਼ਿਕਰ ਤੱਕ ਵੀ ਨਹੀਂ ਸੀ। ਪੁਲਿਸ ਮੁਤਾਬਕ ਇਸ ਕੇਸ ਦੇ ਕਥਿਤ ਦੋਸ਼ੀ ਭਾਈ ਹਰਮਿੰਦਰ ਸਿੰਘ ਚੈੜੀਆਂ ਨੇ ਪੁਲਿਸ ਹਿਰਾਸਤ ਵਿਚ ਇੰਕਸ਼ਾਫ ਕੀਤਾ ਸੀ ਕਿ ਇਕ ਵਾਰ ਭਾਈ ਦਲਜੀਤ ਸਿੰਘ ਬਿੱਟੂ ਨੇ ਉਸਨੂੰ 23000/- ਰੁਪਏ ਦਿੱਤੇ ਸਨ। ਬੱਸ, ਇਸ ਤੋਂ ਵੱਧ ਪੁਲਿਸ ਕੋਲ ਹੋਰ ਕੋਈ ਜਾਣਕਾਰੀ ਜਾਂ ਸਬੂਤ ਨਹੀਂ ਹੈ ਤੇ ਨਾ ਹੀ ਉਸ ਨੇ ਮੁਕਦਮਾ ਘੜਨ ਲਈ ਇਸ ਦੀ ਕੋਈ ਲੋੜ ਸਮਝੀ। ਇਸ ਕੇਸ ਵਿਚ ਕੋਈ ਗਵਾਹ ਜਾਂ ਸਬੂਤ ਨਾ ਹੋਣ ਦੇ ਬਾਵਜੂਦ ਪਿਛਲੇ ਲੰਮੇ-ਸਮੇ ਤੋਂ ਭਾਈ ਦਲਜੀਤ ਸਿੰਘ ਨੂੰ ਜ਼ਮਾਨਤ ਨਹੀਂ ਮਿਲ ਰਹੀ।

**ਛੇ ਪੁਰਾਣੇ ਕੇਸਾਂ ਦੀਆਂ ਜਿਮਨੀਆਂ:** ਪੁਲਿਸ ਵਲੋਂ ਪੇਸ਼ ਚਲਾਨ ਵਿਚ ਛੇ ਵੱਖ-ਵੱਖ ਕੇਸਾਂ ਦੀਆਂ ਪੁਲਿਸ ਜ਼ਿਮਨੀਆਂ ਲਗਾਈਆਂ ਗਈਆਂ ਹਨ ਹੈ ਤੇ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਇਨ੍ਹਾਂ ਕੇਸਾਂ ਦੀ ਤਫਤੀਸ਼ ਦੌਰਾਨ ਵੀ ਭਾਈ ਦਲਜੀਤ ਸਿੰਘ ਬਿੱਟੂ ਦਾ ਨਾਮ ਆਇਆ ਸੀ। ਜੇਕਰ ਇਹ ਸੱਚ ਮੰਨ ਲਿਆ ਜਾਵੇ ਤਾਂ ਫਿਰ ਸੋਚਣਾ ਪਵੇਗਾ ਕਿ ਭਾਈ ਦਲਜੀਤ ਸਿੰਘ ਨੂੰ ਉਸ ਸਮੇਂ ਗ੍ਰਿਫਤਾਰ ਕਿਉਂ ਨਾ ਕੀਤਾ ਗਿਆ? ਤੇ ਹੁਣ ਜਦੋਂ ਇਹ ਕੇਸ ਲਗਭਗ ਖਤਮ ਹੋਣ ਵਾਲੇ ਹਨ ਤਾਂ ਇਨ੍ਹਾਂ ਪੁਲਿਸ ਜ਼ਿਮਨੀਆਂ ਨੂੰ ਇਸ ਮੁਕਦਮੇਂ ਨਾਲ ਨੱਥੀ ਕਰਨ ਦਾ ਕੀ ਮਤਲਬ ਹੈ?

ਪੁਲਿਸ ਦੀਆਂ ਇਨ੍ਹਾਂ ਜ਼ਿਮਨੀਆਂ ਵਿਚ ਭਾਈ ਦਲਜੀਤ ਸਿੰਘ ਬਿੱਟੂ ਦਾ ਨਾਂ ਕਿਸ ਤਰ੍ਹਾਂ ਆਇਆ ਹੈ ਉਸਦੀ ਇਕ ਮਿਸਾਲ ਸ਼ਿੰਗਾਰ ਬੰਬ ਕਾਂਡ ਦੀ ਪੁਲਿਸ ਜ਼ਿਮਨੀ ਵਿਚੋਂ ਪੇਸ਼ ਹੈ, ਅਖੇ ਗੁਰਪ੍ਰੀਤ ਸਿੰਘ ਖਾਲਸਾ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਹ ਦਲਜੀਤ ਸਿੰਘ ਬਿੱਟੂ ਦੇ ਵਿਆਹ ਮੌਕੇ ਗੁਰਦੁਆਰਾ ਸਾਹਿਬ ਗਿਆ ਸੀ ਜਿਥੇ ਸਰਬਜੀਤ ਸਿੰਘ ਘੁਮਾਣ ਪਾਰਕ ਵਿਚ ਇਕ ਪਾਸੇ ਬੈਠੇ ਨੌਜਵਾਨਾਂ ਨੂੰ ਲੈਕਚਰ ਕਰ ਰਿਹਾ ਸੀ ਕਿ "ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋ ਰਹੀ ਹੈ, ਆਪਾਂ ਨੂੰ ਕੁਝ ਕਰਨਾ ਚਾਹੀਦਾ ਹੈ ਤਾਂ ਹਰਮਿੰਦਰ ਸਿੰਘ ਨੇ ਕਿਹਾ ਕਿ ਅਸਲੇ ਤੇ ਹਥਿਆਰਾਂ ਦਾ ਇੰਤਜ਼ਾਮ ਮੈਂ ਕਰਦਾ ਹਾਂ, ਤੁਸੀਂ ਬੰਦੇ ਭਰਤੀ ਕਰੋ। " ਹੁਣ ਇਥੇ ਵੀ ਜੇ ਇਨ੍ਹਾਂ ਸਰਤਾਂ ਨੂੰ ਇੰਨ-ਬਿੰਨ ਵੀ ਸੱਚ ਮੰਨ ਲਿਆ ਜਾਵੇ ਤਾਂ ਵੀ ਪੁਲਿਸ ਦੀ ਉਕਤ ਜ਼ਿਮਨੀ ਵਿਚ ਭਾਈ ਦਲਜੀਤ ਸਿੰਘ ਬਿੱਟੂ ਦਾ ਕੀ ਦੋਸ਼ ਬਣ ਸਕਦਾ ਹੈ? ਇਹੋ ਹਾਲ ਬਾਕੀ ਜਿਮਨੀਆਂ ਦਾ ਹੈ।

**ਹੋਰ ਨੌਜਵਾਨਾਂ ਖਿਲਾਫ ਮੁਕਦਮੇਂ ਤੇ ਗ੍ਰਿਫਤਾਰੀਆਂ:** ਪੁਲਿਸ ਨੇ ਆਪਣੀ "ਅੱਤਵਾਦ ਦੀ ਸਾਜਿਸ਼ ਨਾਕਾਮ ਕਰਨ" ਵਾਲੀ ਥਿਊਰੀ ਨੂੰ ਸਹੀ ਦਰਸਾਉਣ ਲਈ ਕਈ ਨੌਜਵਾਨਾਂ ਉੱਤੇ ਮੁਕਦਮੇਂ ਦਰਜ਼ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੈ। ਇਕ ਮੁਕਦਮਾਂ ਨਵਾਂਸ਼ਹਿਰ ਵਿਖੇ ਹਰਮਿੰਦਰ ਸਿੰਘ, ਧਰਮਿੰਦਰ ਸਿੰਘ, ਬਾਬਾ ਪ੍ਰਭਦਿਆਲ ਸਿੰਘ, ਪ੍ਰਸ਼ੋਤਮ ਸਿੰਘ ਤੇ ਗੁਰਪ੍ਰੀਤ ਸਿੰਘ ਖਾਲਸਾ ਉਤੇ ਪਾਇਆ ਹੈ, ਜਿਸ ਵਿਚ 121-ਏ, 121, 120-ਬੀ, ਅਸਲਾ ਕਾਨੂੰਨ ਦੀ ਧਾਰਾ 25, ਬਾਰੂਦ ਕਾਨੂੰਨ, 1908 ਦੀਆਂ ਧਾਰਾਵਾਂ 3, 4 ਤੇ 5 ਅਤੇ ਗੈਰ ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਦੀਆਂ ਧਾਰਾਵਾਂ 15, 16, 17, 18 ਅਤੇ 20 ਲਗਾਈਆਂ ਹਨ। ਇਸ ਕੇਸ ਦਾ ਚਲਾਨ ਬਿਨਾਂ ਗ੍ਰਹਿ ਵਿਭਾਗ ਦੇ ਮਨਜ਼ੂਰੀ ਤੋਂ ਪੇਸ਼ ਕਰ ਦਿੱਤਾ ਗਿਆ ਤੇ ਲੰਮਾ ਸਮਾਂ ਕੇਸ ਦੀ ਮਨਜ਼ੂਰੀ ਨਾ ਮਿਲਣ ਕਾਰਨ ਦੋਸ਼ ਲੱਗਣ ਵਿਚ ਹੋਈ ਦੇਰੀ ਦੇ ਕਾਰਨ ਸਾਲ ਬੀਤ ਜਾਣ ਦੇ ਬਾਵਜੂਦ ਸਿੱਖ ਨੌਜਵਾਨਾਂ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ ਹੈ। ਇਸ ਕੇਸ ਵਿਚ ਸਭ ਤੋਂ ਵੱਡੀ ਤਰਾਸਦੀ ਦੀ ਗੱਲ ਇਹ ਹੈ ਕਿ ਅਸਲਾ ਤੇ ਬਾਰੂਦ ਕਾਨੂੰਨ ਦੀਆਂ ਧਾਰਾਵਾਂ ਬਿਨਾਂ ਕਿਸੇ ਬਰਾਮਦਗੀ ਤੋਂ ਹੀ ਲਗਾ ਦਿੱਤੀਆਂ ਹਨ।

**ਮਾਨਸਾ ਕਤਲ ਕੇਸ: ਸਧਾਰਨ ਕਤਲ ਦੀ ਸਿਆਸੀ ਵਰਤੋਂ:**

ਲਿੱਲੀ ਕੁਮਾਰ ਕਤਲ ਕੇਸ ਵਿੱਚ ਚੱਲ ਰਹੀ ਕਾਰਵਾਈ ਦੇ ਤੱਥ ਦੱਸਦੇ ਹਨ ਕਿ ਇਸ ਕੇਸ ਵਿੱਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂਆਂ ਤੇ ਵਰਕਰਾਂ ਨੂੰ ਫਸਾਉਣਾ ਕਾਨੂੰਨੀ ਕਾਰਵਾਈ ਦੀ ਦੁਰਵਰਤੋਂ ਦੀ ਸਪਸ਼ਟ ਮਿਸਾਲ ਹੈ। ਇਸ ਕੇਸ ਵਿੱਚ ਮਾਨਸਾ ਸਦਰ ਵਿਖੇ ਦਰਜ ਕੀਤੀ ਗਈ ਐੱਫ. ਆਈ. ਆਰ ਨੰਬਰ 61 (ਮਿਤੀ 28 ਜੁਲਾਈ, 2009) ਅਨੁਸਾਰ ਮ੍ਰਿਤਕ ਲਿੱਲੀ ਕੁਮਾਰ ਦਾ ਭਰਾ ਬਲੀ ਸਿੰਘ ਇਸ ਕਤਲ ਦਾ ਚਸ਼ਮਦੀਦ ਗਵਾਹ ਹੈ ਤੇ ਉਸ ਨੇ ਲਿੱਲੀ ਕੁਮਾਰ ਨੂੰ ਮਾਰਨ ਲਈ ਤਿੰਨ ਵਿਅਕਤੀਆਂ ਵਿਰੁੱਧ ਸ਼ਿਕਾਇਤ ਕੀਤੀ ਹੈ ਤੇ ਉਸ ਨੇ ਇਨ੍ਹਾਂ ਤਿੰਨਾਂ ਨੂੰ ਕਤਲ ਕਰਦਿਆਂ ਆਪਣੀ ਅੱਖੀਂ ਵੇਖਣ ਦਾ ਦਾਅਵਾ ਕੀਤਾ ਹੈ। ਇਨ੍ਹਾਂ ਤਿੰਨਾਂ ਵਿਅਕਤੀਆਂ ਦਾ ਭਾਈ ਦਲਜੀਤ ਸਿੰਘ ਜਾਂ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨਾਲ ਦੂਰ ਦਾ ਵੀ ਕੋਈ ਵਾਸਤਾ ਵੀ ਨਹੀਂ ਹੈ। ਪਰ ਪੁਲਿਸ ਨੇ ਪੰਚ ਪ੍ਰਧਾਨੀ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਇਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਕੇਸ ਵਿੱਚੋਂ ਫਾਰਗ ਕਰਕੇ ਇਹ ਕੇਸ ਪੰਚ ਪ੍ਰਧਾਨੀ ਦੇ ਆਗੂਆਂ ਤੇ ਵਰਕਰਾਂ ਉੱਤੇ ਪਾ ਦਿੱਤਾ ਸੀ, ਤੇ ਹੁਣ ਜਦੋਂ ਅਦਾਲਤ ਦੇ ਹੁਕਮਾਂ ਅਨੁਸਾਰ ਉਨ੍ਹਾਂ ਤਿੰਨਾ ਨੂੰ ਮੁੜ ਗ੍ਰਿਫਤਾਰ ਕੀਤਾ ਗਿਆ ਹੈ ਤਾਂ ਪੰਜਾਬ ਸਰਕਾਰ ਨੇ ਬੀਤੀ 10 ਜਨਵਰੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਉਨ੍ਹਾਂ ਦੀ ਜਮਾਨਤ ਦਾ ਵਿਰੋਧ ਨਹੀਂ ਕੀਤਾ, ਜਿਸ ਕਰਕੇ ਉਨ੍ਹਾਂ ਨੂੰ ਜਮਾਨਤ ਮਿਲ ਗਈ; ਜਦਕਿ ਦੂਸਰੇ ਪਾਸੇ, ਇਸੇ ਦਿਨ, ਭਾਈ ਦਲਜੀਤ ਸਿੰਘ ਤੇ ਸਾਥੀਆਂ ਦੀ ਜਮਾਨਤ ਦਾ ਹਾਈ ਕੋਰਟ ਵੱਚਿ ਵਿਰੋਧ ਕਰਨ ਲਈ ਸਰਕਾਰੀ ਵਕੀਲਾਂ ਦੀ ਵੱਡੀ ਟੀਮ ਖੜ੍ਹੀ ਕੀਤੀ ਗਈ ਸੀ ।

ਪੰਚ ਪ੍ਰਧਾਨੀ ਦੇ ਆਗੂਆਂ ਨੂੰ ਇਸ ਕੇਸ ਵਿੱਚ ਫਸਾਉਣ ਲਈ ਪੁਲਿਸ ਵੱਲੋਂ ਮੁੱਦਈ ਧਿਰ ਨੂੰ ਭਾਈ ਦਲਜੀਤ ਸਿੰਘ ਬਿੱਟੂ ਤੇ ਪੰਚ ਪ੍ਰਧਾਨੀ ਦੇ ਹੋਰਨਾਂ ਆਗੂਆਂ/ਵਰਕਰਾਂ ਖਿਲਾਫ ਝੂਠੀ ਗਵਾਹੀ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਤੇ ਅਖੀਰ ਇਹੀ ਗੱਲ ਬਲੀ ਸਿੰਘ ਨੇ ਆਪਣੀ ਗਵਾਹੀ ਮੌਕੇ ਭਰੀ ਅਦਾਲਤ ਵਿਚ ਕਹਿ ਦਿੱਤੀ ਕਿ ਪੁਲਿਸ ਉਸ ਉੱਤੇ ਭਾਈ ਦਲਜੀਤ ਸਿੰਘ ਤੇ ਸਾਥੀਆਂ ਖਿਲਾਫ ਝੂਠੀ ਗਵਾਹੀ ਦੇਣ ਦਾ ਦਬਾਅ ਪਾ ਰਹੀ ਹੈ। ਇਸ ਕੇਸ ਵਿਚ ਪ੍ਰੋ. ਗੁਰਵੀਰ ਸਿੰਘ, ਭਾਈ ਗੁਰਦੀਪ ਸਿੰਘ ਰਾਜੂ, ਭਾਈ ਕਰਨ ਸਿੰਘ ਨੂੰ ਹਾਈਕੋਰਟ ਅਤੇ ਬਿੰਦਰ ਸਿੰਘ ਨੂੰ ਹੇਠਲੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ ਪਰ ਭਾਈ ਦਲਜੀਤ ਸਿੰਘ ਤੇ ਹੋਰਨਾਂ ਨੂੰ ਅਜੇ ਤੱਕ ਜਮਾਨਤ ਨਹੀਂ ਮਿਲ ਰਹੀ।

**ਡੇਢ ਸਾਲ ਬਾਅਦ ਨਵੀਂ ਗ੍ਰਿਫਤਾਰੀ:**

ਬੀਤੇ ਦਿਨੀਂ, 18 ਜਨਵਰੀ 2011 ਨੂੰ, ਪੰਜਾਬ ਪੁਲਿਸ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਨੌਜਵਾਨ ਸਿੱਖ ਆਗੂ ਭਾਈ ਮਨਧੀਰ ਸਿੰਘ ਨੂੰ ਮਾਨਸਾ ਸ਼ਹਿਰ ਵਿੱਚੋਂ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ। ਮਾਨਸਾ ਦੇ ਐਸ. ਐਸ. ਪੀ ਹਰਦਿਆਲ ਸਿੰਘ ਮਾਨ ਨੇ 19 ਜਨਵਰੀ ਨੂੰ ਮਾਨਸਾ ਵਿਖੇ ਇੱਕ ਪ੍ਰੈਸ ਕਾਨਫਰੰਸ ਬੁਲਾ ਕੇ ਪੱਤਰਕਾਰਾਂ ਨੂੰ ਦੱਸਿਆ ਕਿ "ਡੇਰਾ ਪ੍ਰਮੀ ਲਿੱਲੀ ਕੁਮਾਰ ਦੇ ਕਤਲ ਕੇਸ ਵਿੱਚ ਲੋੜੀਂਦਾ ਖਤਰਨਾਕ ਖਾੜਕੂ ਮਾਨਸਾ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ"। ਪੁਲਿਸ ਅਫਸਰਾਂ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਉਸ ਫੜ੍ਹੇ ਹੋਏ ਵਿਅਕਤੀ ਨੇ ਦੱਸਿਆ ਕਿ ਉਸ ਦਾ ਨਾਂ ਮਨਧੀਰ ਸਿੰਘ ਹੈ ਤੇ ਉਹ ਭਾਈ ਦਲਜੀਤ ਸਿੰਘ ਬਿੱਟੂ ਦੇ ਕਹਿਣ ਉੱਤੇ ਮਾਨਸਾ ਵਿਖੇ ਡੇਰਾ ਪ੍ਰੇਮੀਆਂ ਨੂੰ ਮਾਰ ਕੇ ਦੇਸ਼ ਦੀ ਏਕਤਾ-ਅਖੰਡਤਾ ਨੂੰ ਖਤਰੇ ਵਿੱਚ ਪਾਉਣ, ਖਾਲਸਤਾਨ ਦਾ ਪ੍ਰਚਾਰ ਕਰਨ ਤੇ ਸ਼੍ਰੋਮਣੀ ਕਮੇਟੀ ਉੱਤੇ ਕਬਜ਼ਾ ਕਰਨ ਦੀਆਂ ਕਾਰਵਾਈਆਂ ਕਰਨ ਲਈ ਅਇਆ ਸੀ ਅਤੇ ਭਾਈ ਦਲਜੀਤ ਸਿੰਘ ਬਿੱਟੂ ਨੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨਾਂ ਦੀ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਕਬਜ਼ਾ ਕਰਨ ਲਈ ਬਣਾਈ ਹੈ। ਕੁਝ ਅਖਬਾਰਾਂ ਨੇ ਮਨਧੀਰ ਸਿੰਘ ਬਾਰੇ ਇਹ ਵੀ ਲਿਖਿਆ ਹੈ ਕਿ ਪੁਲਿਸ ਅਨੁਸਾਰ ਮਨਧੀਰ ਸਿੰਘ ਭਾਈ ਦਲਜੀਤ ਸਿੰਘ ਬਿੱਟੂ ਅਤੇ ਬਲਬੀਰ ਸਿੰਘ ਮੌਲਵੀਵਾਲਾ ਉਰਫ ਭੂਤਨਾ ਨੂੰ 'ਹਥਿਆਰ ਸਪਲਾਈ' ਕਰਦਾ ਸੀ। 19 ਜਨਵਰੀ ਨੂੰ ਮਨਧੀਰ ਸਿੰਘ ਦਾ ਪੁਲਿਸ ਰਿਮਾਂਡ ਮੰਗਣ ਮੌਕੇ ਪੁਲਿਸ ਵੱਲੋਂ ਜੋ ਜਿਮਨੀ ਪੱਤਰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਉਸ ਵਿੱਚ ਵੀ ਅਜਿਹੇ ਹੀ ਦੋਸ਼ ਲਗਾਏ ਗਏ ਹਨ, ਤੇ ਦਾਅਵਾ ਕੀਤਾ ਗਿਆ ਹੈ ਕਿ ਮਨਧੀਰ ਸਿੰਘ ਲਿੱਲੀ ਕੁਮਾਰ ਦੇ ਕਤਲ ਕੇਸ ਵਿੱਚ ਪੁਲਿਸ ਨੂੰ ਚਿਰਾਂ ਤੋਂ ਲੋੜੀਂਦਾ ਸੀ।

ਪੁਲਿਸ ਦੇ ਉਕਤ ਦਾਅਵਿਆਂ ਬਾਰੇ ਗੱਲ ਕਰਨੀ ਬਣਦੀ ਹੈ। ਪੁਲਿਸ ਅਨੁਸਾਰ ਮਨਧੀਰ ਸਿੰਘ ਲਿੱਲੀ ਕੁਮਾਰ ਦੇ ਕੇਸ ਵਿੱਚ ਚਿਰਾਂ ਤੋਂ ਲੋੜੀਂਦਾ ਹੈ ਪਰ ਇਸ ਕੇਸ ਦੀ ਪੁਲਿਸ ਵੱਲੋਂ ਤਿਆਰ ਕੀਤੀ ਮਿਸਲ ਹੀ ਇਸ ਦਾਅਵੇ ਨੂੰ ਹਵਾ ਕਰ ਦਿੰਦੀ ਹੈ। ਮਨਧੀਰ ਸਿੰਘ ਦੇ ਵਕੀਲ ਐਡਵੋਕੇਟ ਅਜੀਤ ਸਿੰਘ ਭੰਗੂ ਮੁਕਦਮੇ ਦੇ ਸਾਰੇ ਕਾਗਜ਼ ਦਿਖਾਉਂਦਿਆਂ ਦੱਸਦੇ ਹਨ ਕਿ ਇਹ ਮੁਕਦਮਾ ਪਿਛਲੇ ਤਕਰੀਬਨ ਡੇਢ ਸਾਲ ਤੋਂ ਵੀ ਵੱਧ ਸਮੇਂ ਤੋਂ ਮਾਨਸਾ ਦੀ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਪੂਰੀ ਫਾਈਲ ਵਿੱਚ ਮਨਧੀਰ ਸਿੰਘ ਦਾ ਨਾਂ ਇੱਕ ਵਾਰ ਵੀ ਨਹੀਂ ਆਉਂਦਾ। ਹੁਣ ਇਹ ਗੱਲ ਸਮਝ ਤੋਂ ਬਾਹਰੀ ਹੈ ਕਿ ਮਨਧੀਰ ਸਿੰਘ ਇਸ ਕੇਸ ਵਿੱਚ ਪੁਲਿਸ ਨੂੰ ਲੋੜੀਂਦਾ ਕਿਵੇਂ ਸੀ?

ਦੂਸਰੀ ਗੱਲ, ਕਿ ਪੁਲਿਸ ਤੇ ਕੁਝ ਅਖਬਾਰ ਉਸ ਨੂੰ ਹਥਿਆਰਾਂ ਦਾ 'ਸਪਲਾਇਅਰ' ਦੱਸ ਰਹੇ ਹਨ ਪਰ ਪੁਲਿਸ ਨੂੰ ਉਸ ਕੋਲੋਂ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ ਤੇ ਨਾ ਹੀ ਪੁਲਿਸ ਨੇ ਅਦਾਲਤ ਵਿੱਚ ਉਸ ਕੋਲੋਂ ਕੁਝ ਬਰਾਮਦ ਕਰਵਾਉਣ ਦੀ ਗੱਲ ਕੀਤੀ ਹੈ, ਤਾਂ ਸਪਸ਼ਟ ਹੈ ਕਿ ਹਥਿਆਰ ਸਪਲਾਈ ਕਰਨ ਦੀ ਗੱਲ ਹੋਰ ਕੁਝ ਨਹੀਂ ਮਹਿਜ਼ ਕੂੜ ਪ੍ਰਚਾਰ ਹੈ।

ਤੀਸਰੀ ਗੱਲ, ਡੇਰਾ ਪ੍ਰੇਮੀਆਂ ਨੂੰ ਮਾਰ ਕੇ ਦੇਸ਼ ਦੀ ਏਕਤਾ-ਅਖੰਡਤਾ ਤੇ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਜਿਹੀਆਂ ਗੱਲਾਂ ਇੰਨੀਆਂ ਤਰਕ ਵਿਹੂਣੀਆਂ ਹਨ ਕਿ ਪੁਲਿਸ ਦੀ ਲਿਆਕਤ ਉੱਤੇ ਵੀ ਤਰਸ ਆਉਂਦਾ ਹੈ ਅਤੇ ਉਹਨਾਂ ਨੂੰ ਹੁਕਮ ਦੇਣ ਵਾਲੀ ਸਰਕਾਰ ਤੇ ਵੀ। ਇਹ ਗੱਲਾਂ ਕਹਿਣਾ ਸਰਕਾਰ ਤੇ ਪੁਲਿਸ ਦੀ ਸਿਆਸੀ ਮਜਬੂਰੀ ਹੈ, ਕਿਉਂਕਿ ਇਸ ਕੇਸ ਵਿੱਚ ਸਰਕਾਰੀ ਦਬਾਅ ਤਹਿਤ ਪੁਲਿਸ ਨੇ ਗੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ 1967 ਲਗਾਇਆ ਹੈ। ਪੁਲਿਸ ਵੱਲੋਂ ਦਰਜ ਕੀਤੀ ਜਾਂਦੀ ਅਜਿਹੀ ਸ਼ਬਦਾਵਲੀ ਕਿ 'ਦੇਸ਼ ਦੀ ਏਕਤਾ-ਅਖੰਡਤਾ ਖਤਰੇ ਵਿੱਚ ਪਾਉਣਾ', 'ਦੇਸ਼ ਦੀ ਸੁਰੱਖਿਆ ਨੂੰ ਖਤਰਾ ਖੜ੍ਹਾ ਕਰਨਾ', ਆਦਿ ਇਸ ਕਾਨੂੰਨ ਦੀਆਂ ਧਾਰਾਵਾਂ ਦਾ ਇੰਨ-ਬਿੰਨ ਪੰਜਾਬੀ ਉਤਾਰਾ ਹੈ, ਜਿਸ ਰਾਹੀਂ ਇਸ ਕੇਸ ਵਿੱਚ ਇਸ ਕਾਲੇ ਕਾਨੂੰਨ ਦੀ ਵਰਤੋਂ ਜਾਇਜ਼ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਹ ਕੇਸ ਆਪਣੇ ਆਪ ਵਿਚ ਹੀ ਪੰਜਾਬ ਦੀ ਮੌਜੂਦਾ ਗੰਧਲੀ ਰਾਜਨੀਤੀ ਦੀ ਮਿਸਾਲ ਹੈ ਕਿ ਇਕ ਆਮ ਕਤਲ ਵਿਚ ਇਕ ਰਾਜਸੀ ਪਾਰਟੀ ਦੀ ਮੁੱਖ ਲੀਡਰਸ਼ਿਪ ਨੂੰ ਦੋਸ਼ੀ ਨਾਮਜ਼ਦ ਕਰ ਦਿੱਤਾ ਹੈ। ਸਰਕਾਰ ਅਤੇ ਪੁਲਿਸ ਕਹਿ ਰਹੀ ਕਿ ਡੇਰਾ ਪ੍ਰੇਮੀ ਨੂੰ ਇਸ ਰਾਜਨੀਤਿਕ ਪਾਰਟੀ ਨੇ ਮਾਰਿਆ ਹੈ ਪਰ ਮੌਕੇ ਦਾ ਗਵਾਹ ਅਤੇ ਕਤਲ ਹੋਣ ਵਾਲੇ ਦਾ ਭਰਾ ਕਹਿ ਰਿਹਾ ਹੈ ਕਿ ਇਹ ਬੰਦੇ ਦੋਸ਼ੀ ਨਹੀਂ ਹਨ। ਸਰਕਾਰ ਇਸ ਗੱਲੋਂ ਵੀ ਝੂਠੀ ਪੈ ਰਹੀ ਕਿ ਇਹ ਲੋਕ ਡੇਰਾ ਪ੍ਰੇਮੀਆਂ ਖਿਲਾਫ ਨਫਰਤ ਫੈਲਾਅ ਰਹੇ ਹਨ।

ਚੌਥੀ ਗੱਲ ਹੈ ਸ਼੍ਰੋਮਣੀ ਗੁਰਦੁਆਰਾ ਕਮੇਟੀ ਉੱਤੇ ਕਬਜ਼ਾ ਕਰਨ ਦੀ, ਜਿਸ ਬਾਰੇ ਅੱਗੇ ਚੱਲ ਕੇ ਵਿਸਤਾਰ ਵਿਚ ਗੱਲ ਕੀਤੀ ਗਈ ਹੈ।

**ਮੁਕਦਮਿਆਂ ਦੀ ਕਾਰਵਾਈ ਲਮਕਾਉਣ ਦੇ ਪੈਂਤੜੇ:**

ਗੱਲ ਕੇਵਲ ਝੂਠੇ ਮੁਕਦਮੇਂ ਦਰਜ਼ ਕਰਨ ਤਕ ਹੀ ਸੀਮਤ ਨਹੀਂ ਹੈ ਸਗੋਂ ਸਰਕਾਰੀ ਹਿਦਾਇਤਾਂ ਮੁਤਾਬਕ ਪੁਲਿਸ ਵੱਲੋਂ ਵੱਖ-ਵੱਖ ਹਥਕੰਡੇ ਅਪਨਾਅ ਕੇ ਮੁਕਦਮਿਆਂ ਦੀ ਕਾਰਵਾਈ ਲਮਕਾਈ ਜਾ ਰਹੀ ਹੈ। ਭਾਈ ਦਲਜੀਤ ਸਿੰਘ ਬਿੱਟੂ ਤੇ ਸਾਥੀਆਂ ਨੂੰ ਵੱਖ ਵੱਖ ਜੇਲ੍ਹਾਂ ਵਿਚ ਰੱਖਿਆ ਗਿਆ ਹੈ ਤੇ ਅਕਸਰ ਹੀ ਪੁਲਿਸ ਵੱਲੋਂ ਸਾਰਿਆਂ ਨੂੰ ਇਕੱਠੇ ਅਦਾਲਤ ਪੇਸ਼ ਨਹੀਂ ਕੀਤਾ ਜਾਂਦਾ। ਅਜਿਹਾ ਜਾਣ ਬੁੱਝ ਕੇ ਕੀਤਾ ਜਾ ਰਿਹਾ ਹੈ ਤਾਂ ਕਿ ਮਕਸਦ ਮੁਕੱਦਮਿਆਂ ਦੀ ਰਫਤਾਰ ਮੱਠੀ ਪੈ ਜਾਵੇ।

ਦੂਜਾ ਮਕਸਦ ਮਾਨਸਿਕ ਪਰੇਸ਼ਾਨੀ ਦੇਣ ਦਾ ਹੈ ਕਿ ਇਹ ਆਪਸ ਵਿਚ ਗੱਲਬਾਤ ਨਾ ਕਰ ਸਕਣ ਤੇ ਮਾਨਸਿਕ ਤੌਰ 'ਤੇ ਥੱਕ-ਟੁੱਟ ਜਾਣ। ਭਾਈ ਦਲਜੀਤ ਸਿੰਘ ਬਿੱਟੂ ਨੂੰ ਇਕੱਲਿਆਂ ਨੂੰ ਅੰਮ੍ਰਿਤਸਰ ਜੇਲ੍ਹ ਦੇ ਇਕ ਸੈੱਲ ਵਿਚ ਰੱਖਿਆ ਜਾਂਦਾ ਹੈ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਭਾਈ ਦਲਜੀਤ ਸਿੰਘ ਦੀ ਜਮਾਨਤ ਦਾ ਵਿਰੋਧ ਕਰਨ ਲਈ ਮੁਕਦਮਿਆਂ ਦੀ ਗਿਣਤੀ ਨੂੰ (ਸਬੂਤਾਂ ਤੇ ਗਵਾਹਾਂ ਨੂੰ ਨਹੀਂ) ਅਧਾਰ ਬਣਾ ਰਹੀ ਹੈ, ਦੇਖੋ ਇਨ੍ਹਾਂ ਖਿਲਾਫ ਕਿੰਨੇ ਕੇਸ ਦਰਜ਼ ਹੋਏ ਹਨ। ਹਾਸੋਂ-ਹੀਣੀ ਗੱਲ ਤਾਂ ਇਹ ਹੈ ਕਿ ਸਿਰਫ ਚੱਲ ਰਹੇ ਕੇਸਾਂ ਦੀ ਗਿਣਤੀ ਨੂੰ ਹੀ ਅਧਾਰ ਨਹੀਂ ਬਣਾਇਆ ਜਾ ਰਿਹਾ ਬਲਕਿ ਸਰਕਾਰ ਉਨ੍ਹਾਂ ਕੇਸਾਂ ਦੀ ਗਿਣਤੀ ਨੂੰ ਵੀ ਅਧਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਅਦਾਲਤਾਂ ਵਿਚ ਝੂਠੇ ਸਾਬਿਤ ਹੋਏ ਹਨ ਤੇ ਜਿਨ੍ਹਾਂ ਵਿਚੋਂ ਭਾਈ ਦਲਜੀਤ ਸਿੰਘ ਸਾਫ ਬਰੀ ਹੋਏ ਹਨ।

**ਜਮਾਨਤ ਕਿਉਂ ਨਹੀਂ ਮਿਲ ਰਹੀ:**

ਇਸ ਮੌਕੇ ਇਕ ਸਵਾਲ ਉੱਠਣਾ ਕੁਦਰਤੀ ਹੈ ਕਿ ਜੇਕਰ ਭਾਈ ਦਲਜੀਤ ਸਿੰਘ ਖਿਲਾਫ ਘੜੇ ਕੇਸ ਨਿਰਅਧਾਰ ਹਨ ਤਾਂ ਉਨ੍ਹਾਂ ਨੂੰ ਜਮਾਨਤ ਕਿਉਂ ਨਹੀਂ ਮਿਲ ਰਹੀ? ਇਸ ਸਵਾਲ ਦਾ ਜਵਾਬ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਸ੍ਰ. ਰਾਜਵਿੰਦਰ ਸਿੰਘ ਬੈਂਸ ਨੇ 10 ਦਸੰਬਰ 2010 ਨੂੰ 'ਸੰਸਾਰ ਮਨੁੱਖੀ ਹੱਕ ਦਿਹਾੜੇ' ਮੌਕੇ ਲੁਧਿਆਣਾ ਵਿਖੇ ਇਕ ਵਿਸ਼ੇਸ਼ ਵਿਚਾਰ ਚਰਚਾ ਵਿਚ ਹੇਠ ਲਿਖੇ ਸ਼ਬਦਾਂ ਵਿਚ ਦਿੱਤਾ ਹੈ, ਕਿ:

> "ਸਾਡੇ ਕੋਲੋਂ ਵਾਰ-ਵਾਰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਤੁਸੀਂ ਤਾਂ ਕਹਿੰਦੇ ਹੋ ਕਿ ਭਾਈ ਸਾਹਿਬ ਦੇ ਕੇਸ ਵਿਚ ਕੁਝ ਵੀ ਨਹੀਂ ਐ, ਤੇ ਫਿਰ ਉਨ੍ਹਾਂ ਨੂੰ ਜਮਾਨਤ ਕਿਉਂ ਨਹੀਂ ਮਿਲਦੀ... ਅਸੀਂ ਸਾਰਾ ਕੇਸ ਪੜ੍ਹਿਆ ਹੈ... ਸਾਰੀ ਫਾਈਲ ਵਿਚ ਕੋਈ ਐਸਾ ਸਬੂਤ ਨਹੀਂ ਹੈ, ਜਿਹਦੇ ਨਾਲ ਤੁਸੀਂ ਛੋਟਾ ਜਿਹਾ ਜ਼ੁਰਮ ਵੀ ਸਾਬਿਤ ਕਰ ਸਕੋ, ਵੱਡਾ ਤਾਂ ਬਹੁਤ ਵੱਡੀ ਗੱਲ ਐ... ਬਾਵਜੂਦ ਇਸਦੇ (ਤੇ) ਸਾਡੀ ਪੂਰੀ ਕੋਸ਼ਿਸ਼ ਦੇ ਬਾਵਜੂਦ ਅਸੀਂ ਹਾਲੇ ਤੱਕ ਉਨ੍ਹਾਂ ਨੂੰ ਜਮਾਨਤ ਨਹੀਂ ਦਿਵਾ ਸਕੇ, ਕਿਉਂਕਿ ਜਿਹੜੇ ਵੀ ਵਿਅਕਤੀ ਜੱਜ ਦੀ ਸੀਟ ਉੱਤੇ ਬੈਠੇ ਨੇ, ਉਹ ਇੰਨੇ ਛੋਟੇ ਨੇ, ਸੀਟਾਂ ਵੱਡੀਆਂ ਨੇ, ਇਨਸਾਫ ਇਸ ਲਈ ਨਹੀਂ ਮਿਲ ਰਿਹਾ"।
>
> ਉਨ੍ਹਾਂ ਹੋਰ ਅੱਗੇ ਕਿਹਾ ਕਿ,
>
> "ਜਦੋਂ ਛੋਟੇ-ਛੋਟੇ ਬੰਦੇ, ਡਰੇ-ਡਰੇ ਬੰਦੇ, ਕਿਸੇ ਸਿਫਾਰਸ਼ਾਂ ਨਾਲ ਲੱਗੇ ਬੰਦੇ, ਵੱਡੀ(ਆਂ)-ਵੱਡੀ(ਆਂ) ਸੀਟਾਂ 'ਤੇ ਬਹਿ ਜਾਂਦੇ ਨੇ ਤਾਂ ਲੋਕਾਂ ਦੇ ਹੱਕ, ਸਾਰਾ ਕੁਝ ਹੋਣ ਦੇ ਬਾਵਜੂਦ, ਨਹੀਂ ਮਿਲਦੇ ਔਰ ਇਹ ਕੇਸ ਉਸ ਦੀ ਜਿੰਦੀ-ਜਾਗਦੀ ਤਸਵੀਰ ਹੈ"।

ਲੁਧਿਆਣਾ ਕੇਸ ਵਿਚ ਭਾਈ ਦਲਜੀਤ ਸਿੰਘ ਸਮੇਤ ਸਾਰਿਆਂ ਦੀ ਜਮਾਨਤ ਹੇਠਲੀ ਅਦਾਲਤ ਨੇ ਖਾਰਜ਼ ਕਰ ਦਿੱਤੀ ਸੀ। ਇਸ ਕੇਸ ਵਿਚ ਜਮਾਨਤ ਦੀ ਅਰਜ਼ੀ ਮਾਰਚ 2010 ਤੋਂ ਹਾਈ ਕੋਰਟ ਵਿਚ ਲਮਕ ਰਹੀ ਸੀ ਜਿਸ ਦਾ ਫੈਸਲਾ ਹੁਣ ਤਿੰਨ ਜੱਜਾਂ ਦੇ ਬਦਲਾਅ ਤੋਂ ਬਾਅਦ 7 ਫਰਵਰੀ 2011 ਨੂੰ ਹੋਇਆ ਹੈ ਤੇ ਇਸ ਕੇਸ ਦੀ ਜਮਾਨਤ ਅਦਾਲਤ ਵੱਲੋਂ ਮਨਜੂਰ ਕਰ ਲਈ ਗਈ ਹੈ। ਭਾਈ ਪਲਵਿੰਦਰ ਸਿੰਘ ਸ਼ੁਤਰਾਣਾ, ਐਡਵੋਕੇਟ ਜਸਪਾਲ ਸਿੰਘ ਮੰਝਪੁਰ ਤੇ ਭਾਈ ਗੁਰਦੀਪ ਸਿੰਘ ਰਾਜੂ ਪਿਛਲੇ ਦਿਨੀਂ ਡੇਢ ਸਾਲ ਤੋਂ ਵੱਧ ਸਮਾਂ ਨਜ਼ਰਬੰਦ ਰਹਿਣ ਤੋਂ ਬਾਅਦ ਨਾਭਾ ਜੇਲ੍ਹ ਵਿਚੋਂ ਜਮਾਨਤ ਉੱਤੇ ਰਿਹਾਅ ਹੋ ਗਏ, ਪਰ ਭਾਈ ਦਲਜੀਤ ਸਿੰਘ ਦੀ ਅਜੇ ਤੱਕ ਰਿਹਾਈ ਨਹੀਂ ਹੋ ਸਕੀ ਕਿਉਂਕਿ ਬਾਕੀ ਕੇਸਾਂ ਵਿਚ ਉਨਹਾਂ ਦੀ ਜਮਾਨਤ ਬਾਰੇ ਅਜੇ ਫੈਸਲਾ ਹੋਣਾ ਬਾਕੀ ਹੈ।

**ਸੰਵਿਧਾਨਕ ਤੇ ਜਮਹੂਰੀ ਹੱਕਾਂ 'ਤੇ ਪਾਬੰਦੀ:**

ਅਦਾਲਤਾਂ ਨੂੰ ਨਿਰਪੱਖ ਮੰਨਿਆ ਜਾਂਦਾ ਹੈ ਤੇ ਇਹ ਧਾਰਨਾ ਹੈ ਕਿ ਇਹ ਸੰਵਿਧਾਨਕ ਤੇ ਬੁਨਿਆਦੀ ਹੱਕਾਂ ਦੀ ਰਾਖੀ ਕਰਦੀਆਂ ਹਨ, ਪਰ ਉਕਤ ਮੁਕਦਮਿਆਂ ਬਾਰੇ ਅਦਾਲਤੀ ਕਾਰਵਾਈ, ਜਿਵੇਂ ਕਿ ਉੱਪਰ ਵੀ ਜ਼ਿਕਰ ਹੋਇਆ ਹੈ, ਬਹੁਤ ਨਿਰਾਸ਼ਾਜਨਕ ਤਸਵੀਰ ਪੇਸ਼ ਕਰਦੀ ਹੈ। ਲੁਧਿਆਣਾ ਦੀ ਅਦਾਲਤ ਨੇ ਪੁਲਿਸ ਦੀ ਹਰ ਜਾਇਜ਼-ਨਜਾਇਜ਼ ਦਲੀਲ ਨਾਲ ਸਹਿਮਤ ਹੁੰਦਿਆਂ ਭਾਈ ਦਲਜੀਤ ਸਿੰਘ ਤੇ ਸਾਥੀਆਂ ਦਾ 17 ਦਿਨ ਲੰਮਾ ਪੁਲਿਸ ਰਿਮਾਂਡ ਦਿੱਤਾ ਜਿਸ ਬਾਰੇ ਮੁਕਦਮੇਂ ਤੱਥਾਂ ਬਾਰੇ ਮੋਟੀ ਜਿਹੀ ਜਾਣਕਾਰੀ ਹਾਸਲ ਕਰਨ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਿੰਨੀ ਕੁ ਨਿਰਪੱਖ ਤੇ ਕਿੰਨੀ ਕੁ ਜਾਇਜ਼ ਕਾਰਵਾਈ ਸੀ?

ਕਿਸੇ ਲੋਕਤੰਤਰ ਵਿਚ, ਜੇਕਰ ਉਹ ਸੱਚ-ਮੁੱਚ ਲੋਕਤੰਤਰ ਹੋਵੇ ਤਾਂ, ਮਤਦਾਨ ਦਾ ਹੱਕ ਇਕ ਬੁਨਿਆਦੀ ਤੇ ਜਰੂਰੀ ਹੱਕ ਮੰਨਿਆ ਜਾਂਦਾ ਹੈ। ਪਰ ਲੁਧਿਆਣਾ ਦੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਜਸਪਾਲ ਸਿੰਘ ਮੰਝਪੁਰ (ਐਡਵੋਕੇਟ) ਨੂੰ ਵਕੀਲ ਤੇ ਲੁਧਿਆਣਾ ਜਿਲ੍ਹਾ ਬਾਰ ਐਸੋਸੀਏਸ਼ਨ ਦਾ ਮੈਂਬਰ ਹੋਣ ਦੇ ਨਾਤੇ ਬਾਰ ਦੇ ਮੈਂਬਰਾਂ ਦੀ ਚੋਣ ਵਿਚ ਵੋਟ ਪਾਉਣ ਦੀ ਇਜਾਜ਼ਤ ਵੀ ਨਹੀਂ ਦਿਤੀ।

ਜਸਪਾਲ ਸਿੰਘ ਮੰਝਪੁਰ ਨੇ ਲੁਧਿਆਣਾ ਜੇਲ੍ਹ ਦੀ ਨਜ਼ਰਬੰਦੀ ਦੌਰਾਨ ਜੇਲ੍ਹ ਅੰਦਰਲੇ ਮਾੜੇ ਹਲਾਤਾਂ ਬਾਰੇ ਲੁਧਿਆਣਾ ਦੇ ਸੈਸ਼ਨਜ ਜੱਜ ਨੂੰ ਦੋ ਅਰਜੀਆਂ ਲਿਖ ਕੇ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਜੱਜ ਸਾਹਬ ਨੇ ਹਾਲਾਤ ਠੀਕ ਕਰਨ ਲਈ ਲੋੜੀਂਦੀ ਕਾਰਵਾਈ ਕਰਨ ਦੀ ਥਾਂ ਉਲਟਾ ਜਸਪਾਲ ਸਿੰਘ ਮੰਝਪੁਰ ਨੂੰ ਚਾਰ ਵਾਰ ਸੱਦ ਕੇ ਜਲੀਲ ਕੀਤਾ ਤੇ ਕਿਹਾ ਕਿ "ਤੁਹਾਡੇ ਕਰਕੇ ਹੀ ਦੇਸ਼ ਦੀ ਸ਼ਾਂਤੀ ਭੰਗ ਹੋਈ ਪਈ ਹੈ, ਤੁਹਾਨੂੰ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਦਾ ਕੋਈ ਹੱਕ ਨਹੀਂ।" ਹੁਣ ਅਜਿਹੀ ਸੋਚ ਦੇ ਧਾਰਨੀ ਵਿਅਕਤੀ ਤੋਂ ਕੋਈ ਨਿਰਪੱਖਤਾ ਤੇ ਨਿਆਂ ਦੀ ਆਸ ਰੱਖੇ?

ਪੰਜਾਬ ਸਰਕਾਰ ਜਿਥੇ ਪੰਚ ਪ੍ਰਧਾਨੀ ਨੂੰ ਕਾਨੂੰਨ ਦੀ ਦੁਰਵਰਤੋਂ ਕਰਕੇ ਜ਼ਬਰ ਦਾ ਨਿਸ਼ਾਨਾ ਬਣਾ ਰਹੀ ਹੈ ਓਥੇ ਦਲ ਦੀਆਂ ਜਮਹੂਰੀ ਕਾਰਵਾਈ ਉੱਤੇ ਵੀ ਐਲਾਨੀਆਂ/ਅਣਐਲਾਨੀਆਂ ਪਾਬੰਦੀਆਂ ਲਗਾ ਰਹੀ ਹੈ। ਜਦਕਿ ਦੂਸਰੇ ਪਾਸੇ ਪੰਥ ਵਿਰੋਧੀਆਂ ਨੂੰ ਖੁੱਲ੍ਹੀ ਸ਼ਹਿ ਦਿੱਤੀ ਜਾ ਰਹੀ ਹੈ। ਮਿਸਾਲ ਵੱਜੋਂ 2010 ਵਿਚ 1 ਤੋਂ 5 ਜੂਨ ਤੱਕ ਚੱਪੜਚਿੜੀ ਦੇ ਇਤਿਹਾਸਕ ਮੈਦਾਨ ਤੋਂ ਲੈ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਪੰਚ ਪ੍ਰਧਾਨੀ ਵੱਲੋਂ ਕੀਤੇ ਜਾਣ ਵਾਲੇ ਖ਼ਾਲਸਾ ਮਾਰਚ ਉੱਤੇ ਸਰਕਾਰ ਨੇ 'ਅਮਨ ਭੰਗ ਹੋਣ ਦੇ ਖਤਰੇ' ਦਾ ਬਹਾਨਾ ਬਣਾ ਕੇ ਗੁਪਤ ਰੂਪ ਵਿਚ ਪਾਬੰਦੀ ਲਗਾ ਦਿੱਤੀ ਤੇ ਬਿਨਾ ਕਿਸੇ ਚੇਤਾਨਵੀ ਦੇ ਪਾਰਟੀ ਦੇ ਅਨੇਕਾਂ ਵਰਕਰ ਅਤੇ ਆਗੂ ਗ੍ਰਿਫਤਾਰ ਕਰ ਲਏ, ਜਦਕਿ ਪਿਛਲੇ ਸਮੇਂ ਵਿਚ ਪੰਚ ਪ੍ਰਧਾਨੀ ਵੱਲੋਂ ਕੀਤੇ ਗਏ ਅਜਿਹੇ ਦਰਜਨਾ ਮਾਰਚ ਪੂਰੀ ਤਰ੍ਹਾਂ ਸ਼ਾਂਤਮਈ ਰਹੇ ਹਨ ਤੇ ਕਦੇ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਪੰਜਾਬ ਸਰਕਾਰ ਦੀ ਇਸ ਵਧੀਕੀ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਕੀਤੀ ਗਈ ਰਿੱਟ ਵੀ ਬੇਸਿੱਟਾ ਹੀ ਰਹੀ। ਪਰ ਦੂਸਰੇ ਪਾਸੇ, ਉਸੇ ਦਿਨ, 5 ਜੂਨ ਨੂੰ ਸਿਵ ਸੈਨਾ ਆਦਿ ਜਥੇਬੰਦੀਆਂ ਨੂੰ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੇ ਫੌਜੀਆਂ ਨੂੰ ਸਪਰਪਤ ਮਾਰਚ ਮੰਡੀ ਗੋਬਿੰਦਗੜ੍ਹ ਤੋਂ ਅੰਮ੍ਰਿਤਸਰ ਤੱਕ ਲਿਜਾਣ ਦੀ ਪੰਜਾਬ ਸਰਕਾਰ ਵੱਲੋਂ ਖੁੱਲ੍ਹ ਦਿੱਤੀ ਗਈ।

**ਸਾਰੀ ਕਾਰਵਾਈ ਤੇ ਸ਼੍ਰੋਮਣੀ ਕਮੇਟੀ ਚੋਣਾਂ:**

ਜਿਵੇਂ ਉੱਪਰ ਜ਼ਿਕਰ ਹੋਇਆ ਹੈ ਕਿ ਮਨਧੀਰ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਵੱਲੋਂ ਪ੍ਰੈਸ ਸਾਹਮਣੇ ਦਾਅਵਾ ਕੀਤਾ ਗਿਆ ਸੀ ਕਿ ਤਫਤੀਸ਼ ਦੌਰਾਨ ਇਹ ਸਾਹਮਣੇ ਆਇਆ ਹੈ ਕਿ "ਦਲਜੀਤ ਸਿੰਘ ਬਿੱਟੂ ਨੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨਾਂ ਦੀ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਕਬਜ਼ਾ ਕਰਨ ਲਈ ਬਣਾਈ ਹੈ", ਇਸ ਬਾਰੇ ਸਪਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਇੱਕ ਅਜਿਹੀ ਸੰਸਥਾ ਹੈ ਜਿਸ ਦਾ ਪ੍ਰਬੰਧ ਚੋਣਾਂ ਰਾਹੀਂ ਹਾਸਿਲ ਕੀਤਾ ਜਾ ਸਕਦਾ ਹੈ ਤੇ ਜੇਕਰ ਕੋਈ ਸਿਆਸੀ ਜਥੇਬੰਦੀ ਇਸ ਪ੍ਰਬੰਧ ਨੂੰ ਹਾਸਿਲ ਕਰਨਾ ਚਾਹੁੰਦੀ ਹੈ ਤਾਂ ਉਹ ਅਜਿਹਾ ਚੋਣਾਂ ਵਿੱਚ ਹਿੱਸਾ ਲੈ ਕੇ ਹੀ ਕਰ ਸਕਦੀ ਹੈ। ਪੁਲਿਸ ਦਾ ਬਿਆਨ ਇਹ ਸਪਸ਼ਟ ਕਰਦਾ ਹੈ ਕਿ ਮਾਮਲਾ ਕਾਨੂੰਨੀ ਨਹੀਂ ਸਗੋਂ ਸਿਆਸੀ ਹੈ।

ਮਨਧੀਰ ਸਿੰਘ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜਿਲ੍ਹੇ ਵਿੱਚ ਬਲਾਚੌਰ ਨੇੜਲੇ ਪਿੰਡ ਗੜ੍ਹੀ ਕਾਨੂੰਗੋ ਦਾ ਵਸਨੀਕ ਹੈ ਤੇ ਯੂਥ ਅਕਾਲੀ ਦਲ (ਪੰਚ ਪ੍ਰਧਾਨੀ) ਦਾ ਕੌਮੀ ਆਗੂ ਹੈ। ਦੇਸ਼-ਵਿਦੇਸ਼ ਤੋਂ ਇੰਜੀਨੀਅਰਿੰਗ ਦੀ ਤਾਲੀਮ ਹਾਸਿਲ ਕਰਨ ਵਾਲੇ ਇਸ ਨੌਜਵਾਨ ਆਗੂ ਨੇ ਸਤੰਬਰ 2004 ਤੋਂ ਦਸੰਬਰ 2006 ਤੱਕ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕੌਮੀ ਪ੍ਰਧਾਨ ਵੱਜੋਂ ਅਗਵਾਈ ਕੀਤੀ ਤੇ ਇਸ ਅਰਸੇ ਦੌਰਾਨ ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਮ. ਏ. (ਤੁਲਨਾਤਮਕ ਧਰਮ ਅਧਿਅਨ) ਰਾਹੀਂ ਉੱਚ ਧਾਰਮਿਕ ਸਿਖਿਆ ਹਾਸਿਲ ਕੀਤੀ। ਸਾਲ 2007 ਵਿੱਚ ਮਨਧੀਰ ਸਿੰਘ ਨੇ ਪੰਜਾਬ ਵਿਧਾਨ ਸਭਾ ਦੀ ਚੋਣ ਬਲਾਚੌਰ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਟਿਕਟ ਉੱਤੇ ਲੜੀ ਸੀ ਤੇ ਉਦੋਂ ਤੋਂ ਹੀ ਅਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਦੀ ਤਿਆਰੀ ਕਰਨ ਦੇ ਨਾਲ-ਨਾਲ ਸਮਾਜਕ, ਸਿਆਸੀ ਤੇ ਧਾਰਮਿਕ ਖੇਤਰ ਵਿੱਚ ਸਰਗਰਮ ਹੈ। ਹੁਣ ਸ਼੍ਰੋਮਣੀ ਕਮੇਟੀ ਚੋਣਾਂ ਨੇੜੇ ਆ ਜਾਣ ਉੱਤੇ ਮਨਧੀਰ ਸਿੰਘ ਦੀ ਗ੍ਰਿਫਤਾਰੀ ਕਰਕੇ ਪੁਲਿਸ ਨੇ ਇਸ ਸਮੁੱਚੀ ਕਾਰਵਾਈ ਪਿਛੇ ਛੁਪੇ ਪੰਜਾਬ ਸਰਕਾਰ ਦੇ ਸਿਆਸੀ ਮਨੋਰਥ ਉਜਾਗਰ ਕਰ ਦਿੱਤੇ ਹਨ।

ਉਂਝ ਅਗਸਤ 2009 ਵਿਚ ਭਾਈ ਦਲਜੀਤ ਸਿੰਘ ਦੀ ਗ੍ਰਿਫਤਾਰੀ ਦੇ ਸਮੇਂ ਹੀ ਇਹ ਸਾਫ ਹੋਣਾ ਸ਼ੁਰੂ ਹੋ ਗਿਆ ਸੀ ਕਿ ਪੰਚ ਪ੍ਰਧਾਨੀ ਖਿਲਾਫ ਚੱਲ ਰਹੀ ਜ਼ਬਰ ਤੇ ਫੜਾ-ਫੜੀ ਦੀ ਮੁਹਿੰਮ ਪਿੱਛੇ ਇੱਕ ਅਹਿਮ ਕਾਰਨ ਅਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਹਨ ਕਿਉਂਕਿ ਉਸ ਸਮੇਂ ਜਦੋਂ ਪੁਲਸ ਹਿਰਾਸਤ ਦੌਰਾਨ ਇੱਕ ਉੱਚ ਪੁਲਿਸ ਅਫਸਰ ਨੇ ਭਾਈ ਸੇਵਕ ਸਿੰਘ ਨੂੰ ਪੁੱਛਿਆ ਸੀ ਕਿ "ਆਪ ਕਾ ਉਦੇਸ਼ਯ ਕਯਾ ਹੈ?" ਤਾਂ ਸੇਵਕ ਸਿੰਘ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਉਸ ਦੇ ਜੂਨੀਅਰ ਅਫਸਰ ਨੇ ਗਾਲ੍ਹ ਕੱਢ ਕੇ ਕਿਹਾ ਸੀ ਕਿ "ਸਰ ਇਹ ਸ਼੍ਰੋਮਣੀ ਕਮੇਟੀ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ" (ਇਹ ਗੱਲ ਸ੍ਰ. ਸੇਵਕ ਸਿੰਘ ਨੇ ਅਗਸਤ 2009 ਦੇ 'ਸਿੱਖ ਸ਼ਹਾਦਤ' ਵਿੱਚ ਲਿਖਤੀ ਰੂਪ ਵਿਚ ਨਸ਼ਰ ਕਰ ਦਿੱਤੀ ਸੀ)।

**ਟਾਡਾ ਤੇ ਪੋਟਾ ਦਾ ਨਵਾਂ ਅਵਤਾਰ:**

ਪਿਛਲੇ ਸਮੇਂ ਦੌਰਾਨ ਸੰਨ 1986 ਵਿਚ ਭਾਰਤ ਸਰਕਾਰ ਨੇ 'ਟਾਡਾ' ਨਾਂ ਦਾ ਕਾਨੂੰਨ ਬਣਾਇਆ, ਜਿਸ ਦੀ ਸਰਕਾਰਾਂ ਤੇ ਪੁਲਿਸ ਵੱਲੋਂ ਖੁੱਲ੍ਹੀ ਦਰੁਵਰਤੋਂ ਕੀਤੀ ਗਈ। ਅੰਤ ਜਦੋਂ ਇਹ ਕਾਨੂੰਨ ਪੂਰੀ ਤਰ੍ਹਾਂ ਬਦਨਾਮ ਹੋ ਗਿਆ ਤਾਂ ਇਸ ਨੂੰ ਖਤਮ ਕਰਕੇ ਸੰਨ 2002 ਵਿਚ ਨਵਾਂ ਕਾਨੂੰਨ 'ਪੋਟਾ' ਬਣਾ ਦਿਤਾ। ਫਿਰ ਜਦੋਂ ਉਹ ਵੀ ਬਦਨਾਮ ਹੋ ਗਿਆ ਤਾਂ 2004-05 ਵਿਚ ਇਸ ਨੂੰ ਖਤਮ ਕਰਕੇ ਇਸ ਲੜੀ ਦਾ ਅਗਲਾ ਕਾਨੂੰਨ ਲੈ ਆਦਾ: 'ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ'। ਅਸਲ ਵਿਚ ਇਹ ਕਾਨੂੰਨ 1967 ਵਿਚ ਬਣਿਆ ਸੀ, ਪਰ ਲੰਮੇ ਸਮੇਂ ਤੋਂ ਇਸ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ ਤੇ ਨਾ ਹੀ ਕੋਈ ਇਸ ਬਾਰੇ ਬਹੁਤਾ ਜਾਣਦਾ ਸੀ। ਹੁਣ 2008 ਦਸੰਬਰ ਵਿਚ ਭਾਰਤ ਸਰਕਾਰ ਨੇ ਇਸ ਕਾਨੂੰਨ ਵਿਚ ਤਬਦੀਲੀ ਕਰਕੇ ਟਾਡਾ ਤੇ ਪੋਟਾ ਵਾਲੀਆਂ ਕਾਲੀਆਂ ਧਾਰਵਾਂ ਇਸ ਕਾਨੂੰਨ ਵਿਚ ਪਾ ਦਿੱਤੀਆਂ ਤੇ ਲੋਕਾਂ ਨੂੰ ਮੁੜ ਧੋਖਾ ਦਿੱਤਾ ਕਿ ਸਰਕਾਰ ਨੇ ਕੋਈ ਨਵਾਂ ਕਾਲਾ ਕਾਨੂੰਨ ਨਹੀਂ ਬਣਾਇਆ।

ਪੰਜਾਬ ਵਿਚ ਇਸ ਕਾਨੂੰਨ ਦੀ ਸਭ ਤੋਂ ਪਹਿਲੀ ਵਰਤੋਂ ਭਾਈ ਦਲਜੀਤ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਿਰੁੱਧ ਕੀਤੀ ਗਈ ਹੈ। ਵੱਖ-ਵੱਖ ਮੁਕਦਮਿਆਂ ਵਿਚ ਭਾਈ ਦਲਜੀਤ ਸਿੰਘ ਦਾ ਨਾਂ ਜੋੜਨ ਦੇ ਨਾਲ-ਨਾਲ ਹੀ ਇਸ ਕਾਨੂੰਨ ਦੀਆਂ ਕਾਲੀਆਂ ਧਾਰਾਵਾਂ ਵੀ ਜੋੜੀਆਂ ਗਈਆਂ ਹਨ। ਇਕੋ ਮਿਸਾਲ ਹੀ ਕਾਫੀ ਹੋਵੇਗੀ ਕਿ, ਮਾਨਸਾ ਵਿਖੇ ਲਿਲੀ ਕੁਮਾਰ ਕਤਲ ਕੇਸ ਦਾ ਮੁਕਦਮਾਂ ਪਹਿਲਾਂ ਧਾਰਾ 302/34 ਤਹਿਤ ਦਰਜ਼ ਹੋਇਆ ਸੀ, ਫਿਰ ਪੰਚ ਪ੍ਰਧਾਨੀ ਦੇ ਆਗੂਆਂ/ਵਰਕਰਾਂ ਦੀ ਸਮੂਲੀਅਤ ਦਿਖਾਉਣ ਲਈ ਧਾਰਾ 120-ਬੀ (ਸਾਜਿਸ਼) ਜੋੜ ਦਿੱਤੀ, ਤੇ ਇਸੇ ਧਾਰਾ ਰਾਹੀਂ ਭਾਈ ਦਲਜੀਤ ਸਿੰਘ ਦਾ ਨਾਂ ਇਸ ਕੇਸ ਵਿਚ ਜੋੜਿਆ ਗਿਆ। ਫਿਰ ਉਸ ਤੋਂ ਬਾਅਦ ਸਰਕਾਰੀ ਹਿਦਾਇਤਾਂ ਮੁਤਾਬਕ ਗੈਰਕਾਨੂੰਨੀ ਕਾਰਵਾਈ ਵਾਲੇ ਕਾਨੂੰਨ ਦੀਆਂ ਧਾਰਾਵਾਂ ਵੀ ਜੋੜ ਦਿੱਤੀਆਂ।

ਲੁਧਿਆਣਾ ਵਿਖੇ ਭਾਈ ਦਲਜੀਤ ਸਿੰਘ ਤੇ ਪੰਚ ਪ੍ਰਧਾਨੀ ਦੇ ਹੋਰਨਾਂ ਸਿੰਘਾਂ ਉੱਤੇ ਦਰਜ਼ ਕੀਤੇ ਮੁਕਦਮੇਂ ਬਾਰੇ ਗੱਲ ਕਰਦਿਆਂ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ 10 ਦਸੰਬਰ ਨੂੰ ਹੋਈ ਵਿਚਾਰ-ਚਰਚਾ ਵਿਚ ਹੇਠ ਲਿਖੇ ਵਿਚਾਰ ਪੇਸ਼ ਕੀਤੇ ਹਨ:

'ਇਸ ਕਾਨੂੰਨ ਵਿਚ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਤੁਸੀਂ ਕਿਸੇ ਵੀ ਸੰਸਥਾ ਨੂੰ ਪੈਸੇ ਨਹੀਂ ਦੇ ਸਕਦੇ ਜੇਕਰ ਉਹ ਸੰਸਥਾ ਗੈਰਕਾਨੂੰਨੀ ਐਲਾਨੀ ਗਈ ਹੋਵੇ। ਉਹ ਸੰਸਥਾ ਗੈਰਕਾਨੂੰਨੀ ਐਲਾਨਣ ਲਈ ਇਕ ਟ੍ਰਿਬਿਊਨਲ ਬਣਾਉਣਾ ਪੈਂਦਾ ਹੈ, ਟ੍ਰਿਬਿਊਨਲ ਅੱਗੇ ਸਬੂਤ ਪੇਸ਼ ਕਰੀਦੇ ਐ, ਫਿਰ ਕਿਤੇ ਉਹ ਟ੍ਰਿਬਿਊਨਲ ਕਹਿੰਦਾ ਹੈ ਕਿ ਇਹ ਗੈਰਕਾਨੂੰਨੀ ਸੰਸਥਾ ਹੈ। ... ਭਾਈ ਸਾਹਿਬ ਦੀ ਪਾਰਟੀ ਕਾਨੂੰਨੀ ਪਾਰਟੀ ਐ। ਉਹਨਾਂ ਤੇ ਕਦੇ ਵੀ ਸਰਕਾਰ ਨੇ ਕੋਈ ਵੀ ਸੂਬਤ ਪੇਸ਼ ਨਹੀਂ ਕੀਤਾ ਕਿ ਇਹ ਪਾਰਟੀ ਕੋਈ ਵੀ ਗੈਰਕਾਨੂੰਨੀ ਕੰਮ ਕਰ ਰਹੀ ਹੈ। ਇਹ ਕਾਨੂੰਨ ਲੱਗਦਾ ਹੀ ਉਸ ਤੋਂ ਬਾਅਦ ਹੈ। ਜੇ ਤੁਸੀਂ ਉਸ ਪਾਰਟੀ ਨੂੰ ਜਿਹੜੀ ਗੈਰਕਾਨੂੰਨੀ ਐਲਾਨੀ ਗਈ ਹੋਵੇ ਜਾਂ ਉਸ ਦੇ ਮੈਂਬਰ ਨੂੰ ਪੈਸੇ ਦਿਓ ਜਾਂ ਪੈਸੇ ਕੱਠੇ ਕਰੋ, ਤਾਂ ਫਿਰ ਜ਼ੁਰਮ ਬਣਦਾ ਹੈ। ਬਾਵਜੂਦ ਇਸ ਦੇ ਕਿ ਪਾਰਟੀ ਕਾਨੂੰਨੀ ਹੈ, ਗੈਰਕਾਨੂੰਨੀ ਨਹੀਂ ਐਲਾਨਿਆ, ਫੇਰ ਵੀ ਅਸੀਂ ਉਸ ਜੱਜ ਸਾਹਿਬਾਨ ਨੂੰ ਇਹ ਸਮਝਾ ਨਹੀਂ ਸਕੇ ਕਿ ਬਈ ਦੱਸੋ ਕਿਵੇਂ? ਸਰਕਾਰ ਦੱਸੇ ਕਿਵੇਂ ਉਹਨਾਂ ਨੂੰ ਅੰਦਰ ਕੀਤਾ ਹੋਇਆ ਹੈ?'

ਸਾਫ ਹੈ ਕਿ ਪੰਜਾਬ ਸਰਕਾਰ ਦੇ ਇਸ਼ਾਰੇ ਉੱਤੇ ਪੰਜਾਬ ਪੁਲਿਸ ਵੱਲੋਂ ਸਿੱਖ ਆਗੂਆਂ ਤੇ ਜਥੇਬੰਦੀ ਖਿਲਾਫ ਟਾਡਾ ਤੇ ਪੋਟਾ ਦੇ ਇਸ ਨਵੇਂ ਅਵਤਾਰ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।

**ਪੰਚ ਪ੍ਰਧਾਨੀ ਦੀਆਂ ਕਾਰਵਾਈਆਂ:**

ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵੱਲੋਂ ਸਿੱਖ ਸ਼ਹੀਦਾਂ ਤੇ ਲੋੜਵੰਦ ਪੰਥਕ ਪਰਿਵਾਰਾਂ ਦੀ ਮਦਦ ਕਰਕੇ ਆਪਣਾ ਕੌਮੀ ਫਰਜ਼ ਨਿਭਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਤੋਂ ਰਿਵਾਇਤੀ ਸਿਆਸੀ ਤੇ ਧਾਰਮਿਕ ਲੀਡਰਸ਼ਿਪ ਮੂੰਹ ਫੇਰ ਚੁੱਕੀ ਹੈ।

ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਸਿੱਖੀ ਸਿਧਾਂਤਾਂ ਤੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਸਰਵ-ਉੱਚਤਾ ਨੂੰ ਸਮਰਪਿਤ ਹੈ ਇਹੀ ਕਾਰਨ ਹੈ ਕਿ ਦਲ ਵੱਲੋਂ ਡੇਰਾ ਸਿਰਸਾ ਖਿਲਾਫ ਜਾਰੀ ਹੋਏ ਸ਼੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਖਾਲਸਾ ਮਾਰਚਾਂ ਦੀ ਲੜੀ, ਦਿੱਲੀ ਮੋਰਚੇ, ਕੋਟ-ਧਰਮੂੰ ਮੋਰਚੇ, ਦਮਦਮਾ ਸਾਹਿਬ ਤੋਂ ਗ੍ਰਿਫਤਾਰੀਆਂ ਵਾਲੇ ਮੋਰਚੇ ਸਮੇਤ ਵੱਖ-ਵੱਖ ਯਤਨ ਸਮੇਂ-ਸਮੇਂ ਸਿਰ ਉਲੀਕੇ ਜਾਂਦੇ ਰਹੇ ਹਨ ਭਾਵੇਂ ਕਿ ਇਨ੍ਹਾਂ ਸਰਗਰਮੀਆਂ ਕਰਕੇ ਦਲ ਦੇ ਆਗੂਆਂ ਨੂੰ ਝੂਠੇ ਮੁਕਦਮਿਆਂ ਤੇ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਪੰਚ ਪ੍ਰਧਾਨੀ ਨੇ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ, ਦਰਬਾਰ ਸਾਹਿਬ ਦੇ ਹਮਲੇ ਮੌਕੇ ਫੌਜ ਵੱਲੋਂ ਤਬਾਹ ਕੀਤੀ ਗਈ ਸਿੱਖ ਰੈਫਰੈਂਸ ਲਾਇਬ੍ਰੇਰੀ, ਦਰਬਾਰ ਸਾਹਿਬ ਦੇ ਵਿਹੜੇ ਵਿਚ ਜੂਨ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ, ਸਿੱਖਾਂ ਦਾ ਵੱਖਰਾ ਨਿੱਜੀ ਕਾਨੂੰਨ (ਪਰਸਨਲ ਲਾਅ, ਜਿਵੇਂ ਆਨੰਦ ਮੈਰਿਜ ਐਕਟ) ਬਣਾਉਣ ਸਮੇਤ ਕਈ ਅਜਿਹੇ ਅਹਿਮ ਮਸਲੇ ਸਿਆਸੀ ਤੇ ਸਮਾਜਕ ਮੰਚ ਉੱਤੇ ਮੁੜ ਚੁੱਕੇ ਹਨ ਜਿਨ੍ਹਾਂ ਨੂੰ ਰਿਵਾਇਤੀ ਲੀਡਰਸ਼ਿਪ ਕਦੋਂ ਦੀ ਦਫਨ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਤੇ ਭਾਈ ਦਲਜੀਤ ਸਿੰਘ ਪੰਥਕ ਸਫਾਂ ਵਿਚ ਏਕਤਾ ਦੇ ਤਹਿ-ਦਿਲੋਂ ਮੁੱਦਈ ਹਨ। ਪੰਚ ਪ੍ਰਧਾਨੀ ਹੀ ਇਕੋ-ਇਕ ਅਜਿਹੀ ਸਿਆਸੀ ਧਿਰ ਹੈ ਜਿਸ ਦੇ ਮੰਚ ਤੋਂ ਇਤਿਹਾਸਕ ਦਿਹਾੜਿਆਂ ਉੱਤੇ ਤੇ ਹੋਰਨਾਂ ਮੌਕਿਆ 'ਤੇ ਸਮੂਹ ਪੰਥਕ ਧਿਰਾਂ, ਸਿੱਖ ਜਥੇਬੰਦੀਆਂ, ਸਿੱਖ ਧਾਰਮਿਕ ਤੇ ਸਿਆਸੀ ਸਖਸ਼ੀਅਤਾਂ ਨੂੰ ਜੁੜ ਬੈਠਣ ਤੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣ ਦਾ ਖੁੱਲ੍ਹਾ ਸੱਦਾ ਹੁੰਦਾ ਹੈ।

# ਆਖਰੀ ਗੱਲ:

ਉਪਰੋਕਤ ਸਮੁੱਚੀ ਚਰਚਾ ਤੋਂ ਕੁਝ ਗੱਲਾਂ ਤਾਂ ਬਿਲਕੁਲ ਸਾਫ ਉੱਘੜ ਕੇ ਸਾਹਮਣੇ ਆ ਰਹੀਆਂ ਹਨ ਕਿ:

- ਜਿਥੇ ਭਾਈ ਦਲਜੀਤ ਸਿੰਘ ਉੱਤੇ ਸਿੱਖ ਸੰਘਰਸ਼ ਦੌਰਾਨ ਕੇਂਦਰ ਤੇ ਪੰਜਾਬ ਸਰਕਾਰਾਂ ਵੱਲੋਂ ਅਨੇਕਾਂ ਮੁਕਦਮੇਂ ਦਰਜ਼ ਕੀਤੇ ਗਏ, ਜੋ ਅੰਤ ਅਦਾਲਤਾਂ ਵਿਚ ਸਹੀ ਸਾਬਤ ਨਾ ਹੋ ਸਕੇ, ਓਥੇ ਹੁਣ ਸਿਆਸੀ ਸੰਘਰਸ਼ ਦੌਰਾਨ ਵੀ ਸਮੇਂ ਦੀਆਂ ਸਰਕਾਰਾਂ ਭਾਈ ਦਲਜੀਤ ਸਿੰਘ ਉੱਤੇ ਤਰ੍ਹਾਂ-ਤਰ੍ਹਾਂ ਦੇ ਝੂਠੇ ਮੁਕਦਮੇਂ ਦਰਜ਼ ਕਰਕੇ ਉਨ੍ਹਾਂ ਨੂੰ ਇਸ ਜਮਹੂਰੀ ਪਿੜ੍ਹ ਵਿਚੋਂ ਲਾਂਭੇ ਕਰਨ ਲਈ ਪੂਰੀ ਵਾਹ ਲਾ ਰਹੀਆਂ ਹਨ।
- ਸਰਕਾਰ ਦੇਸ਼-ਧਰੋਹ ਦੀਆਂ ਧਾਰਾਵਾਂ ਦੀ ਸਿਆਸੀ ਮਨੋਰਥਾਂ ਲਈ ਦੁਰਵਰਤੋਂ ਕਰ ਰਹੀ ਹੈ, ਜਿਸ ਦੀ ਪ੍ਰਤੱਖ ਮਿਸਾਲ ਇਹ ਹੈ ਕਿ ਇਹ ਦੋਸ਼ ਅਦਾਲਤਾਂ ਵਿਚ ਵਾਰ-ਵਾਰ ਝੂਠੇ ਤੇ ਨਿਰਅਧਾਰ ਸਾਬਿਤ ਹੋ ਰਹੇ ਹਨ।
- ਭਾਈ ਦਲਜੀਤ ਸਿੰਘ ਖਿਲਾਫ ਲੁਧਿਆਣਾ, ਰੋਪੜ ਤੇ ਮਾਨਸਾ ਵਿਚ ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਤਹਿਤ ਦਰਜ ਕੀਤੇ ਗਏ ਮੁਕਦਮਿਆਂ ਦਾ ਕੋਈ ਤੱਥਗਤ ਤੇ ਕਾਨੂੰਨੀ ਅਧਾਰ ਨਹੀਂ ਬਣਦਾ ਤੇ ਸਰਕਾਰ ਇਨ੍ਹਾਂ ਦੀ ਕਾਰਵਾਈ ਜਾਣਬੁੱਝ ਕੇ ਲਮਕਾ ਰਹੀ ਹੈ ਤਾਂ ਕਿ ਭਾਈ ਦਲਜੀਤ ਸਿੰਘ ਤੇ ਸਾਥੀਆਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਚੋਣਾਂ ਅਤੇ ਸਮਾਜਿਕ ਤੇ ਰਾਜਨੀਤਕ ਖੇਤਰ ਦੀ ਸਰਗਰਮੀ ਤੋਂ ਬਾਹਰ ਰੱਖਿਆ ਜਾ ਸਕੇ।
- ਸਰਕਾਰ ਅਤੇ ਪੁਲਿਸ ਬੈਂਕਾਂ ਤੇ ਕਾਨੂੰਨੀ ਤਰੀਕਿਆਂ ਨਾਲ ਹੋਏ ਪੈਸੇ ਦੇ ਲੈਣ-ਦੇਣ ਨੂੰ ਗੈਰਕਾਨੂੰਨੀ ਕਾਰਵਾਈਆਂ ਗਰਦਾਨ ਰਹੀ ਹੈ, ਪਰ ਇਸ ਦਾਅਵੇ ਦੀ ਪ੍ਰੋੜਤਾ ਲਈ ਉਸ ਕੋਲ ਨਾ ਤਾਂ ਕਾਨੂੰਨੀ ਅਧਾਰ ਹੈ ਤੇ ਨਾ ਹੀ ਪੁਖਤਾ ਸਬੂਤ ਤਾਂ ਸਾਫ ਹੈ ਕਿ ਪੈਸੇ ਦੇ "ਗੈਰਕਾਨੂੰਨੀ" ਲੈਣ-ਦੇਣ ਬਾਰੇ ਪੁਲਿਸ ਦੇ ਦਾਅਵੇ ਕੋਰਾ ਝੂਠ ਹਨ।
- ਪੁਲਿਸ ਤੇ ਸਰਕਾਰ ਵੱਲੋਂ ਵਕੀਲਾਂ ਦੀਆਂ ਫੀਸਾਂ ਭਰਨ, ਬੱਚਿਆਂ ਦੀਆਂ ਸਕੂਲ ਫੀਸਾਂ ਤਾਰਨ ਤੇ ਬਿਮਾਰਾਂ/ਅਪੰਗਾਂ ਦੀ ਕੀਤੀ ਜਾਂਦੀ ਮਦਦ ਜਿਹੇ ਕੰਮਾਂ ਨੂੰ "ਗੈਰਕਾਨੂੰਨੀ ਕਾਰਵਾਈਆਂ" ਦੱਸਿਆ ਜਾ ਰਿਹਾ ਹੈ।
- ਇਸ ਨੂੰ ਬੇਇਨਸਾਫ ਦੀ ਸਿਖਰ ਹੀ ਮੰਨਿਆ ਜਾਣਾ ਚਾਹੀਦਾ ਹੈ ਕਿ 700 ਤੋਂ ਵੱਧ ਪੰਨਿਆਂ ਦੇ ਚਲਾਨ ਵਿਚ ਭਾਈ ਪਲਵਿੰਦਰ ਸਿੰਘ ਸ਼ੁਤਰਾਣਾ ਖਿਲਾਫ ਇਕ ਪੰਨਾ ਵੀ ਨਾ ਹੋਣ ਦੇ ਬਾਵਜੂਦ ਉਸ ਨੂੰ ਡੇਢ ਸਾਲ ਤੱਕ ਜਮਾਨਤ ਹੀ ਨਾ ਦਿੱਤੀ ਗਈ।
- ਪੰਚ ਪ੍ਰਧਾਨੀ ਦੇ ਆਗੂਆਂ ਦੇ ਸੰਵਿਧਾਨਕ ਹੱਕ ਖੋਹੇ ਜਾ ਰਹੇ ਸਨ ਤੇ ਦਲ ਦੀਆਂ ਜਮਹੂਰੀ ਕਾਰਵਾਈਆਂ ਉੱਤੇ ਵੀ ਸਰਕਾਰ ਪਾਬੰਦੀਆਂ ਲਗਾ ਰਹੀ ਹੈ।
- ਪਹਿਲਾਂ ਤੋਂ ਚੱਲ ਰਹੇ ਮੁਕਦਮਿਆਂ ਵਿਚ ਸਰਕਾਰ ਤੇ ਪੁਲਿਸ ਕੋਝੇ ਹਠਕੰਡੇ ਵਰਤ ਕੇ ਭਾਈ ਦਲਜੀਤ ਤੇ ਉਨ੍ਹਾਂ ਦੇ ਸਾਥੀਆਂ ਦੇ ਨਾਂ ਜੋੜ ਰਹੀ ਹੈ। ਇਨ੍ਹਾਂ "ਅਸਲ ਗੈਰਕਾਨੂੰਨੀ ਕਾਰਵਾਈਆਂ" ਤਹਿਤ ਪੁਲਿਸ ਗਵਾਹਾਂ ਉੱਤੇ ਝੂਠੀਆਂ ਗਵਾਹੀਆਂ ਦੇਣ ਲਈ ਦਬਾਅ ਪਾ ਰਹੀ ਹੈ।
- "ਅੱਤਵਾਦ ਨੂੰ ਸੁਰਜੀਤ ਹੋਣ ਤੋਂ ਰੋਕਣ" ਦੇ ਨਾਂ ਹੇਠ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਖਿਲਾਫ ਅਸਲੇ ਤੇ ਬਾਰੂਦ ਦੀ ਬਰਾਮਦਗੀ ਤੋਂ ਬਿਨਾ ਹੀ ਅਸਲਾ ਤੇ ਬਾਰੂਦ ਕਾਨੂੰਨ ਤਹਿਤ ਦੋਸ਼ ਲਗਾਏ ਜਾ ਰਹੇ ਹਨ ਜੋ ਕਿ ਕਿਸੇ ਵੀ ਤਰ੍ਹਾਂ ਸਹੀ ਤੇ ਤਰਕਸੰਗਤ ਨਹੀਂ ਹਨ।
- ਡੇਢ ਸਾਲ ਪੁਰਾਣੇ ਕੇਸ ਵਿਚ ਨੌਜਵਾਨ ਆਗੂ ਭਾਈ ਮਨਧੀਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਦੀ ਗ੍ਰਿਫਤਾਰੀ ਦਾ ਕਾਰਨ ਸ਼੍ਰੋਮਣੀ ਕਮੇਟੀ ਉੱਤੇ ਕਬਜ਼ਾ ਹੋਣ ਤੋਂ ਰੋਕਣਾ ਦੱਸਿਆ ਜਾ ਰਿਹਾ ਹੈ।
- ਲੁਧਿਆਣਾ ਕੇਸ ਵਿਚ ਪੰਚ ਪ੍ਰਧਾਨੀ ਦੇ ਦਫਤਰ ਦਾ ਸਾਰਾ ਰਿਕਾਰਡ, ਕੰਪਿਊਟਰ ਤੇ ਹੋਰ ਦਸਤਾਵੇਜ਼ "ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ" ਤਹਿਤ ਕਾਰਵਾਈ ਕਰਕੇ ਜ਼ਬਤ ਕਰਨ ਦਾ ਦਾਅਵਾ ਕੀਤਾ ਗਿਆ ਤੇ ਸੰਬੰਧਤ ਮੁਕੱਦਮਾ ਵੀ ਇਸੇ ਕਾਨੂੰਨ ਤਹਿਤ ਹੀ ਦਰਜ਼ ਕੀਤਾ ਗਿਆ ਹੈ, ਪਰ ਇਸ ਕਾਨੂੰਨ ਤਹਿਤ ਮੁਢਲੀ ਸ਼ਰਤ ਕਿ ਉਹ ਸੰਸਥਾ ਗੈਰਕਾਨੂੰਨੀ ਐਲਾਨੀ ਹੋਣੀ ਚਾਹੀਦੀ ਹੈ, ਹੀ ਇਸ ਕੇਸ ਵਿਚ ਪੂਰੀ ਨਹੀਂ ਹੁੰਦੀ।

ਅਸਲ ਵਿਚ ਅਸੀਂ ਜੋ ਰਾਹ ਅਪਨਾਅ ਕੇ ਚੱਲ ਰਹੇ ਹਾਂ ਉਹ ਝੂਠੇ, ਜਾਲਮ ਤੇ ਪਾਖੰਡੀਆਂ ਨੂੰ ਪੁਗਦਾ ਨਹੀਂ, ਜਿਨ੍ਹਾਂ ਵਿਚ ਸਮੇਂ ਦੀਆਂ ਕੇਂਦਰ ਤੇ ਸੂਬਾਂ ਸਰਕਾਰਾਂ, ਡੇਰੇਦਾਰ ਤੇ ਸਮੇਂ ਦਾ ਭਾਰੂ ਰੁਝਾਨ ਸ਼ਾਮਿਲ ਹੈ। ਸਾਨੂੰ ਇਸੇ ਰਾਹ ਤੋਂ ਉਟਕਾਉਣ ਲਈ ਹੀ ਝੂਠੇ ਕੇਸ ਵਿਚ ਉਲਝਾਇਆ ਜਾ ਰਿਹਾ ਹੈ ਜਿਸ ਕਰਕੇ ਸਾਨੂੰ ਗ੍ਰਿਫਤਾਰੀਆਂ ਤੇ ਜੇਲ੍ਹਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਉਂਕਿ ਸੱਚ ਸਾਹਮਣੇ ਇਨ੍ਹਾਂ ਵਿਰੋਧੀਆਂ ਦਾ ਆਪਣਾ ਕਿਰਦਾਰ ਬਹੁਤ ਬੌਣਾ ਹੈ ਇਸ ਲਈ ਉਹ ਇਨ੍ਹਾਂ ਹਥਕੰਡਿਆਂ ਰਾਹੀਂ ਲੋਕਾਂ ਸਾਹਮਣੇ ਸਾਡੇ ਕਿਰਦਾਰ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਕਿਉਂਕਿ ਅਣਖ, ਸਵੈਮਾਨ ਤੇ ਸੱਚ ਦੀ ਜੰਗ, ਚਾਹੇ ਉਹ ਕਿਸੇ ਵੀ ਰੂਪ-ਵੇਸ ਵਿਚ ਹੋਵੇ, ਕਿਰਦਾਰ ਨਾਲ ਹੀ ਲੜੀ ਤੇ ਜਿੱਤੀ ਜਾਂਦੀ ਹੈ।

**ਜਾਰੀ ਕਰਤਾ:- ਐਡਵੋਕੇਟ ਜਸਪਾਲ ਸਿੰਘ ਮੰਝਪੁਰ 0091-98554-01843**